## PUNJAB VIDHAN SABHA

*Wednesday, the 24th December, 2014*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Doctor Charnjit Singh Atwal) in the Chair.*

------------

## STARRED QUESTIONS AND ANSWERS

**ਮਾਨਯੋਗ ਸਪੀਕਰ :** ਕੁਐਸਚਨ ਆਵਰ।

----

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1731

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ।)

----

### ਝੋਨੇ ਦੀ ਖਰੀਦ ਸਬੰਧੀ

***1737. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿਚ ਇਸ ਸੀਜ਼ਨ ਵਿਚ ਵੱਖ ਵੱਖ ਕੇਂਦਰੀ ਅਤੇ ਰਾਜ ਦੀਆਂ ਏਜੰਸੀਆਂ ਦੁਆਰਾ ਕੁੱਲ ਕਿੰਨਾ ਝੋਨਾ ਖਰੀਦਿਆ ਗਿਆ;

(ਅ) ਉਕਤ ਝੋਨੇ ਲਈ ਕਿਸਾਨਾਂ ਨੂੰ ਅਦਾ ਕੀਤੀ ਗਈ ਕੁੱਲ ਰਕਮ ਅਤੇ ਹਾਲੇ ਤੱਕ ਪੈਂਡਿੰਗ ਪਈ ਰਕਮ ਕਿੰਨੀ ਹੈ ਅਤੇ ਕਿਸਾਨਾਂ ਨੂੰ ਸਾਰੀਆਂ ਪੈਂਡਿੰਗ ਪਈਆਂ ਅਦਾਇਗੀਆਂ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ :**(ੳ) ਰਾਜ ਵਿਚ ਖਰੀਫ ਮਾਰਕਿਟਿੰਗ ਸੀਜ਼ਨ 2014-15 ਦੌਰਾਨ ਵੱਖ ਵੱਖ ਕੇਂਦਰੀ ਅਤੇ ਰਾਜ ਦੀਆਂ ਖਰੀਦ ਏਜੰਸੀਆਂ ਵੱਲੋਂ ਮਿਤੀ 15.12.2014 ਤੱਕ ਲਗਭਗ 116.22 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ, ਜਿਸ ਦਾ ਵੇਰਵਾ ਹੇਠ ਅਨੁਸਾਰ

[ ਖੁਰਾਕ ਤੇ ਸਿਵਲ ਸਪਲਾਈ ਮੰਤਰੀ ]

ਹੈ:-

| ਲੜੀ ਨੰ: | ਖਰੀਦ ਏਜੰਸੀ ਦਾ ਨਾਮ | ਖਰੀਦ ਕੀਤੀ ਗਈ ਮਿਕਦਾਰ (ਅੰਕੜੇ ਲੱਖ ਮੀ.ਟਨਾਂ ਵਿਚ) |
|---|---|---|
| 1 | ਪਨਗਰੇਨ | 36.98 |
| 2 | ਮਾਰਕਫੈੱਡ | 26.90 |
| 3 | ਪਨਸਪ | 26.07 |
| 4 | ਵੇਅਰਹਾਊਸ | 11.22 |
| 5 | ਪੰਜਾਬ ਐਗਰੋ | 12.17 |
| | ਜੋੜ | 113.34 |
| 6 | ਐਫ.ਸੀ.ਆਈ. | 2.88 |
| | **ਕੁੱਲ ਜੋੜ** | **116.22** |

(ਅ) ਉਕਤ ਖਰੀਦ ਕੀਤੇ ਝੋਨੇ ਦੀ ਆੜ੍ਹਤੀਆਂ/ਕਿਸਾਨਾਂ ਨੂੰ ਅਦਾ ਕੀਤੀ ਗਈ ਕੁੱਲ ਰਕਮ ਅਤੇ ਬਕਾਇਆ ਰਕਮ ਦਾ ਵੇਰਵਾ ਨਿਮਨ-ਲਿਖਤ ਹੈ, ਬਕਾਇਆ ਅਦਾਇਗੀ ਤੁਰੰਤ ਕਰ ਦਿੱਤੀ ਜਾਵੇਗੀ:-

(ਅੰਕੜੇ ਕਰੋੜਾਂ ਵਿਚ)

| ਲੜੀ ਨੰ: | ਖਰੀਦ ਏਜੰਸੀ ਦਾ ਨਾਮ | ਬਣਦੀ ਅਦਾਇਗੀ | ਆੜਤੀਆਂ/ਕਿਸਾਨਾਂ ਨੂੰ ਕੀਤੀ ਗਈ ਅਦਾਇਗੀ | ਬਕਾਇਆ ਅਦਾਇਗੀ |
|---|---|---|---|---|
| 1 | ਪਨਗਰੇਨ | 5176.62 | 5176.62 | 0 |
| 2 | ਮਾਰਕਫੈੱਡ | 3766.07 | 3765.97 | 0.10 |
| 3 | ਪਨਸਪ | 3649.67 | 3646.76 | 2.91 |
| 4 | ਵੇਅਰਹਾਊਸ | 1571.11 | 1571.11 | 0 |
| 5 | ਪੰਜਾਬ ਐਗਰੋ | 1703.85 | 1703.67 | 0.18 |
| | **ਜੋੜ** | **15867.30** | **15864.13** | **3.19** |

ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਸਾਰਾ ਜਵਾਬ ਦੇ ਦਿੱਤਾ ਹੈ ਪਰ ਫਿਰ ਵੀ ਮੈਂ ਦੱਸ ਦਿੰਦਾ ਹਾਂ ਕਿ 15867 ਕਰੋੜ ਰੁਪਏ ਵਿਚੋਂ 15864 ਕਰੋੜ ਦੀ ਪੇਮੈਂਟ ਹੋ ਚੁੱਕੀ ਹੈ। ਅੱਜ ਕੇਵਲ 2 ਕਰੋੜ 63 ਲੱਖ ਦੀ ਪੇਮੈਂਟ ਪੈਂਡਿੰਗ ਰਹਿ ਗਈ ਹੈ। ਇਹ .01 ਫੀਸਦੀ ਬਣਦੀ ਹੈ।

**ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੇਂਦਰ ਸਰਕਾਰ ਕਹਿੰਦੀ ਹੈ ਕਿ they have paid more than what the Government has procured in the last year. ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕੇਂਦਰ ਸਰਕਾਰ ਅਤੇ ਤੁਹਾਡੀ ਰਾਏ ਕਿਉਂ ਡਿਫਰ ਕਰਦੀ ਹੈ? ਉਨ੍ਹਾਂ ਨੇ, ਕੇਂਦਰ ਸਰਕਾਰ ਨੇ ਤਾਂ ਸਾਰੀ ਪੇਮੈਂਟ ਕਰ ਦਿੱਤੀ ਹੈ ਪਰ ਕਿਸਾਨਾਂ ਤੱਕ ਪੇਮੈਂਟ ਕਿਉਂ ਨਹੀਂ ਪਹੁੰਚੀ । ਦੂਸਰਾ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦੀ ਹਾਂ..

**ਮਾਨਯੋਗ ਸਪੀਕਰ :** ਬੀਬੀ ਜੀ, ਇਕ ਸਮੇਂ ਇਕ ਸਪਲੀਮੈਂਟਰੀ ਹੀ ਪੁੱਛੋ, ਦੂਸਰੀ ਸਪਲੀਮੈਂਟਰੀ ਬਾਅਦ ਵਿਚ ਪੁੱਛ ਲੈਣਾ।

**ਮੰਤਰੀ :** ਸਪੀਕਰ ਸਾਹਿਬ, ਮੈਂ ਇਹੀ ਗੱਲ ਦੱਸੀ ਹੈ ਕਿ ਕੁੱਲ 20,000 ਕਰੋੜ ਦੀਆਂ ਪੇਮੈਂਟਾਂ ਰਿਲੀਜ਼ ਹੋ ਗਈਆਂ ਹਨ। ਜਿੰਨੀ ਕੁੱਲ ਪੇਮੈਂਟ ਸੀ ਉਸ ਵਿਚੋਂ ਕੇਵਲ ਤੇ ਕੇਵਲ ਢਾਈ ਕਰੋੜ ਦੀ ਪੇਮੈਂਟ ਪੈਂਡਿੰਗ ਹੈ। So, I don't understand what is the question? Because the fact is, ਇਹ ਮੈਂ ਵਿਸਥਾਰ ਵਿਚ ਦੱਸ ਦਿੰਦਾ ਹਾਂ ਕਿ ਸਾਡੀਆਂ ਪੰਜ ਏਜੰਸੀਆਂ ਪਨਗਰੇਨ, ਪਨਸਪ, ਮਾਰਕਫੈੱਡ, ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਐਗਰੋ ਫੂਡ ਕਾਰਪੋਰੇਸ਼ਨ ਖਰੀਦ ਕਰਦੀਆਂ ਹਨ। ਪਨਗਰੇਨ ਅਤੇ ਵੇਅਰ ਹਾਊਸ ਕਾਰਪੋਰੇਸ਼ਨ ਦੀਆਂ 100 ਫੀਸਦੀ ਪੇਮੈਂਟਾਂ ਹੋ ਚੁੱਕੀਆਂ ਹਨ। ਮਾਰਕਫੈਡ ਦੀ ਲਗਭੱਗ 8 ਲੱਖ ਦੀ ਪੇਮੈਂਟ ਪੈਂਡਿੰਗ ਹੈ ਅਤੇ ਪੰਜਾਬ ਐਗਰੋ ਫੂਡ ਕਾਰਪੋਰੇਸ਼ਨ ਦੀ 33,000 ਹਜ਼ਾਰ ਰੁਪਏ ਅਤੇ ਪਨਸਪ ਦੀ ਢਾਈ ਕਰੋੜ ਰੁਪਏ ਦੀ ਪੇਮੈਂਟ ਪੈਂਡਿੰਗ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਜਦੋਂ ਸਾਰੀ ਪੇਮੈਂਟ ਹੋ ਚੁੱਕੀ ਹੈ every thing is cleared. Payments have been cleared and deposited in the accounts of the beneficiaries.

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਮੀਂਦਾਰ ਦਾ ਇਕੋ ਇਕ

[ ਸਰਦਾਰ ਚਰਨਜੀਤ ਸਿੰਘ ਚੰਨੀ]

ਵਸੀਲਾ ਹੁੰਦਾ ਹੈ ਕਿ ਫਸਲ ਦੀ ਪੇਮੈਂਟ ਆਵੇਗੀ ਤਾਂ ਗੁਜ਼ਾਰਾ ਚੱਲੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਕਿਸਾਨਾਂ ਨੂੰ ਇੰਨੀ ਦੇਰ ਕਿਉਂ ਮੰਡੀਆਂ ਵਿਚ ਰੋਲਿਆ? ਕਿਸਾਨਾਂ ਨੂੰ ਆਪਣੀਆਂ ਪੇਮੈਂਟਾਂ ਲੈਣ ਲਈ ਸੜਕਾਂ ਰੋਕ ਕੇ ਐਜੀਟੇਸ਼ਨ ਕਰਨੇ ਪਏ। ਸਰਕਾਰ ਨੂੰ ਪਤਾ ਸੀ ਕਿ ਫਸਲ ਦੀ ਖਰੀਦ ਦਾ ਸੀਜ਼ਨ ਆ ਰਿਹਾ ਹੈ ਅਤੇ ਅਸੀਂ ਇਸ ਦੀਆਂ ਪੇਮੈਂਟਾਂ ਕਰਨੀਆਂ ਹਨ ਤਾਂ ਇਸ ਵਾਸਤੇ ਸਰਕਾਰ ਨੇ ਪਹਿਲਾਂ ਯੋਗ ਪ੍ਰਬੰਧ ਕਿਉਂ ਨਹੀਂ ਕੀਤੇ? ਇਸ ਦਾ ਕੀ ਕਾਰਨ ਹੈ ਕਿ ਪੰਜਾਬ ਦਾ ਕਿਸਾਨ ਜੋ ਸਾਰੇ ਦੇਸ਼ ਦਾ ਅੰਨਦਾਤਾ ਹੈ ਉਸ ਨੂੰ ਮੰਡੀਆਂ ਅਤੇ ਸੜਕਾਂ ਤੇ ਰੁਲਣਾ ਪਿਆ?

**ਮੰਤਰੀ :** ਸਪੀਕਰ ਸਾਹਿਬ, ਸਤਿਕਾਰਯੋਗ ਮੈਂਬਰ ਸਾਹਿਬ ਦੀ ਸਪਲੀਮੈਂਟਰੀ ਪੇਮੈਂਟ ਨਾਲ ਰਿਲੇਟ ਨਹੀਂ ਕਰਦੀ ਪਰ nevertheless ਜਿਹੜਾ ਇਨ੍ਹਾਂ ਦਾ ਕਨਸਰਨ ਹੈ ਉਹ ਸਾਰਿਆਂ ਨੂੰ ਹੈ। ਮੈਂ ਇਨ੍ਹਾਂ ਦੇ ਜਜ਼ਬਾਤ ਚੰਗੀ ਤਰ੍ਹਾਂ ਸਮਝ ਸਕਦਾ ਹਾਂ ਅਤੇ ਐਪਰੀਸ਼ੀਏਟ ਵੀ ਕਰਦਾ ਹਾਂ। ਅੱਜ 24 ਤਰੀਕ ਹੋ ਗਈ ਹੈ ਅਤੇ ਸਾਰੀਆਂ ਪੇਮੈਂਟਾਂ 15 ਦਸੰਬਰ ਨੂੰ ਹੋ ਚੁੱਕੀਆਂ ਹਨ। ਪਿਛਲਾ ਹਫਤਾ ਅਸੀਂ ਕੇਵਲ ਰੀਕੰਸੀਲੇਸ਼ਨ ਵਿਚ ਲਾਇਆ ਹੈ ਕਿ ਮੈਟੀਰੀਅਲ ਸ਼ੈਲਰਾਂ ਵਾਲਿਆਂ ਕੋਲ ਪਹੁੰਚ ਗਿਆ ਹੈ ਜਾਂ ਨਹੀਂ। ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅੱਜ ਦੀ ਤਰੀਕ ਵਿਚ ਮਾਲ ਮੰਡੀਆਂ ਵਿਚੋਂ ਲਿਫਟ ਹੀ ਨਹੀਂ ਕੀਤਾ ਗਿਆ ਬਲਕਿ ਉਸ ਨੂੰ ਸ਼ੈਲਰਾਂ ਵਿੱਚ ਰੱਖ ਕੇ ਰੀਕੰਸਾਈਲ ਵੀ ਕਰ ਲਿਆ ਹੈ, ਟੋਟਲ ਵੀ ਕਰ ਲਿਆ ਹੈ। ਮੈਂ ਥੋੜ੍ਹਾ ਜਿਹਾ ਹੋਰ ਵਿਸਥਾਰ ਨਾਲ ਦੱਸ ਦਿੰਦਾ ਹਾਂ ਕਿ ਰਾਜ ਵਿਚ 1835 ਪਰਚੇਜ਼ ਸੈਂਟਰ ਹਨ, 26957 ਆੜਤੀਆਂ ਨੇ ਡੀਲ ਕੀਤਾ, 2863 ਸਾਡੀਆਂ ਮਸ਼ੀਨਾਂ ਮੰਡੀਆਂ ਦੇ ਵਿੱਚ ਚੱਲਦੀਆਂ ਹਨ। ਅਸੀਂ ਕੇਵਲ ਆੜਤੀਆਂ ਨੂੰ ਹੀ ਨਹੀਂ, ਫਾਰਮਰਜ਼ ਨੇ ਵੀ ਜਿੱਥੇ ਪੇਮੈਂਟ ਸਿੱਧੀ ਮੰਗੀ ਹੈ, ਉਨ੍ਹਾਂ ਨੂੰ ਵੀ ਪੇਮੈਂਟ ਸਿੱਧੀ ਕੀਤੀ ਹੈ ਔਰ ਅਸੀਂ 15 ਦਸੰਬਰ ਤੱਕ ਸਾਰੀ ਪੇਮੈਂਟ ਕਲੋਜ਼ ਕਰ ਦਿੱਤੀ ਹੈ। ਜਿਥੋਂ ਤੱਕ ਇਨ੍ਹਾਂ ਨੇ ਫਾਰਮਰਜ਼ ਦੀ ਗੱਲ ਕਹੀ ਹੈ, ਫਾਰਮਰਜ਼ ਨੂੰ ਮੰਡੀ ਵਿੱਚ ਬੈਠਣ ਦੀ ਲੋੜ ਨਹੀਂ ਹੁੰਦੀ ਹੈ। ਫਾਰਮਰਜ਼ ਦੀ ਪਰਚੇਜ਼ ਤਾਂ ਨਾਲ ਦੀ ਨਾਲ ਹੋ ਜਾਂਦੀ ਹੈ। ਪਰਚੇਜ਼ ਕਰਕੇ ਅਸੀਂ ਮੰਡੀ ਤੋਂ ਮਾਲ ਲੈ ਜਾਂਦੇ ਹਾਂ। ਫਾਰਮਰ ਨੇ ਤਾਂ ਕਮਿਸ਼ਨ ਏਜੰਟ ਕੋਲ ਆ ਕੇ ਡਿਲਿਵਰ ਕਰਨਾ ਹੁੰਦਾ ਹੈ ਤੇ ਕਮਿਸ਼ਨ ਏਜੰਟ ਨੂੰ ਜਦ ਅਸੀਂ ਪੇਮੈਂਟ ਕਰ ਦਿੰਦੇ ਹਾਂ ਉਹ ਰਕਮ ਅੱਗੇ ਜਾਂਦੀ ਹੈ।

**Mr. Speaker:** Thank you.

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੰਤਰੀ ਸਾਹਿਬ ਨੂੰ ਇਸ ਨਾਲ ਰਿਲੇਟਿਡ ਗੱਲ ਹੀ ਪੁੱਛਣੀ ਚਾਹੁੰਦਾ ਹਾਂ ਕਿ ਟਰੱਕਾਂ ਵਾਲਿਆਂ ਨੇ ਜਿਹੜਾ ਮਾਲ ਢੋਹਿਆ ਹੈ ਉਹ ਵਿਚਾਰੇ ਆਪਣੇ ਕਿਰਾਏ ਵਾਸਤੇ ਰੌਲਾ ਪਾ ਰਹੇ ਹਨ ਕਿ ਉਨ੍ਹਾਂ ਦਾ ਕਿਰਾਇਆ ਨਾਲ ਦੀ ਨਾਲ ਇਸ਼ੂ ਕੀਤਾ ਜਾਂਦਾ...

**ਮਾਨਯੋਗ ਸਪੀਕਰ :** ਨਹੀਂ ਜੀ, ਤੁਸੀਂ ਬੈਠੋ। ਹਾਂ ਜੀ ਅਗਲਾ ਸਵਾਲ ਸ਼੍ਰੀ ਰਾਕੇਸ਼ ਪਾਂਡੇ ਜੀ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1741*

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ। Please sit down now, ਇਸ ਦਾ ਰਿਪਲਾਈ ਆ ਜਾਵੇਗਾ।

----

## ਤਲਵੰਡੀ ਰੋਡ ਤੇ ਰੇਲਵੇ ਓਵਰ ਬ੍ਰਿਜ ਦੀ ਉਸਾਰੀ ਕਰਨਾ

***1689. ਸ਼੍ਰੀ ਦੀਪ ਮਲਹੋਤਰਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਹਲਕਾ ਫਰੀਦਕੋਟ ਵਿੱਚ ਫਰੀਦਕੋਟ ਸ਼ਹਿਰ ਦੀ ਤਲਵੰਡੀ ਰੋਡ ਤੇ ਰੇਲਵੇ ਓਵਰਬ੍ਰਿਜ ਦਾ ਕੰਮ ਕਦੋਂ ਸ਼ੁਰੂ ਹੋ ਰਿਹਾ ਹੈ ਅਤੇ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਫਰੀਦਕੋਟ ਸ਼ਹਿਰ ਵਿਚੋਂ ਲੰਘਦੀ ਤਲਵੰਡੀ ਫਰੀਦਕੋਟ ਸੜਕ ਜੋ ਕਿ ਨੈਸ਼ਨਲ ਹਾਈਵੇ ਨੰਬਰ 15 ਦਾ ਹਿੱਸਾ ਹੈ ਦੇ ਕਿਲੋਮੀਟਰ 224.400 ਉੱਤੇ ਰੇਲਵੇ ਕਰਾਸਿੰਗ ਨੰਬਰ ਬੀ 31 ਉੱਤੇ ਆਰ.ਓ.ਬੀ ਬਣਾਉਣ ਦੀ ਤਜਵੀਜ਼ ਭਾਰਤ ਸਰਕਾਰ ਵੱਲੋਂ ਸਾਲ 2014-15 ਦੇ ਐਨੂਅਲ ਪਲੈਨ ਵਿੱਚ ਮਨਜ਼ੂਰ ਨਹੀਂ ਹੈ, ਪ੍ਰੰਤੂ ਅਗਲੇ ਵਿੱਤੀ ਵਰ੍ਹੇ 2015-16 ਵਿੱਚ ਇਸ ਆਰ.ਓ.ਬੀ. ਨੂੰ ਬਣਾਉਣ ਵਾਸਤੇ ਡਿਟੇਲਡ ਫਿਜ਼ੀਬਿਲਟੀ ਅਤੇ

*For Starred Question No. 1741 and reply thereto, please see appendix to this Debates.

[ ਲੋਕ ਨਿਰਮਾਣ (ਭ ਤੇ ਮ) ਮੰਤਰੀ ]

ਡੀ.ਪੀ.ਆਰ. ਵਾਸਤੇ ਕੰਸਲਟੈਂਟ ਨਿਯੁਕਤ ਕੀਤਾ ਜਾ ਚੁੱਕਾ ਹੈ। ਕੰਮ ਅਗਲੇ ਵਿੱਤੀ ਵਰ੍ਹੇ ਦੌਰਾਨ ਸ਼ੁਰੂ ਹੋ ਜਾਣ ਦੀ ਸੰਭਾਵਨਾ ਹੈ।

**ਸ਼੍ਰੀ ਦੀਪ ਮਲਹੋਤਰਾ :** ਸਪਲੀਮੈਂਟਰੀ ਜੀ,

**ਮਾਨਯੋਗ ਸਪੀਕਰ :** ਭਰੋਸਾ ਤਾਂ ਤੁਹਾਨੂੰ ਦਿਵਾ ਦਿੱਤਾ ਹੈ।

**ਸ਼੍ਰੀ ਦੀਪ ਮਲਹੋਤਰਾ :** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਸੀ.ਐਮ ਸਾਹਿਬ ਨੇ ਇੱਕ ਬਹੁਤ ਵੱਡੀ ਬਾਬਾ ਫਰੀਦ ਯੂਨੀਵਰਸਿਟੀ ਉਥੇ ਦੇ ਦਿੱਤੀ ਹੈ, ਉਥੇ ਹੁਣ ਵੱਡਾ ਹਸਪਤਾਲ ਬਣ ਗਿਆ ਹੈ ਜਿਸ ਕਰਕੇ ਸਾਰੇ ਇਲਾਕੇ ਦੇ ਲੋਕਾਂ ਨੇ ਉਥੇ ਆਉਣਾ ਹੁੰਦਾ ਹੈ। ਜਦੋਂ ਕੋਈ ਐਮਰਜੈਂਸੀ ਹੁੰਦੀ ਹੈ ਤਾਂ ਉਹ ਫਾਟਕ ਅੱਧੇ ਘੰਟੇ ਵਾਸਤੇ, 20 ਮਿੰਟ ਵਾਸਤੇ ਜਾਂ 25 ਮਿੰਟ ਵਾਸਤੇ ਬੰਦ ਹੁੰਦਾ ਹੈ ਜਿਸ ਕਾਰਨ ਪ੍ਰੇਸ਼ਾਨੀ ਹੁੰਦੀ ਹੈ । ਇਸ ਸਾਰੇ ਇਲਾਕੇ ਨੂੰ ਉਹ ਫਾਟਕ ਜੋੜਦਾ ਹੈ। ਇਸ ਸ਼ਹਿਰ ਦੇ ਵਿੱਚ ਜਿੰਨੀਆਂ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਹਨ, ਜਿਵੇਂ ਕਿ ਦਸ਼ਮੇਸ਼ ਪਬਲਿਕ ਸਕੂਲ ਸਾਡਾ ਸਾਰੇ ਇਲਾਕੇ ਵਿੱਚ ਸਭ ਤੋਂ ਵੱਡਾ ਸਕੂਲ ਹੈ। ਉਸ ਸਕੂਲ ਵਿਚ ਜਦੋਂ ਛੁੱਟੀ ਹੁੰਦੀ ਹੈ ਤਾਂ ਉਸ ਟਾਈਮ ਤੇ ਹੀ ਟਰੇਨ ਦਾ ਟਾਈਮ ਹੈ। ਸਾਰੇ ਬੱਚਿਆਂ ਦੇ ਜਿਹੜੇ ਪੇਰੈਂਟਸ ਹਨ ਉਹ ਉਥੇ ਜਾਂਦੇ ਹਨ ਕਿਉਂਕਿ 20-25 ਬੱਚੇ ਇੱਕ ਰਿਕਸ਼ੇ ਵਿੱਚ ਜਾਂ ਆਟੋ ਵਿੱਚ ਬੈਠਦੇ ਹਨ। ਉਥੇ ਹੀ ਬਾਬਾ ਫਰੀਦ ਸਕੂਲ ਹੈ, ਉਥੇ ਹੀ ਡੈਂਟਲ ਕਾਲਜ ਹੈ, ਉਥੇ ਹੀ ਆਈ.ਟੀ.ਆਈ ਹੈ, ਇੰਨੀਆਂ ਚੀਜ਼ਾਂ ਉਥੇ ਹਨ ਤਾਂ ਇਸ ਲਈ ਇਸ ਨੂੰ ਪ੍ਰਾਇਰਿਟੀ ਤੇ ਲਿਆ ਜਾਵੇ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਹ ਮੰਗ ਰੱਖੀ ਸੀ। ਸਰ, ਮੈਂ ਇਕੋ ਹੀ ਗੱਲ ਕਹਿੰਦਾ ਹਾਂ ਕਿ ਜੇ ਫਰੀਦਕੋਟ ਨੂੰ ਤੁਸੀਂ ਕੋਈ ਚੀਜ਼ ਨਹੀਂ ਦੇਣੀ ਤਾਂ ਮੈਨੂੰ ਇਹ ਤਾਂ ਦੱਸ ਦਿਓ ਕਿ ਇਸ ਦਾ ਸਿਸਟਮ ਕੀ ਹੈ? ਜੇਕਰ ਤੁਸੀਂ ਕਿਸੇ ਵੀ ਸ਼ਹਿਰ ਵਿੱਚ ਓਵਰਬ੍ਰਿਜ ਸੈਂਕਸ਼ਨ ਕਰਦੇ ਹੋ, ਜੇ ਤਾਂ ਸਾਡੀ ਟੀ.ਪੀ.ਆਰ ਜਾਂ ਟਰੈਫਿਕ ਉਥੇ ਘੱਟ ਹੋਵੇ ਫਿਰ ਤਾਂ ਮੰਨ ਸਕਦੇ ਹਾਂ ਫਿਰ ਜਾਂ ਤੁਸੀਂ ਉਥੇ ਕੋਈ ਲੋੜ ਨਹੀਂ ਸਮਝਦੇ, ਇਸ ਦਾ ਕੀ ਕਾਰਨ ਹੈ? ਮੈਂ ਪਹਿਲਾਂ ਵੀ ਇਸ ਗੱਲ ਦੀ ਮੰਗ ਰੱਖੀ ਸੀ।

**ਮਾਨਯੋਗ ਸਪੀਕਰ :** ਤੁਸੀਂ ਸਪਲੀਮੈਂਟਰੀ ਕਰੋ ਜੀ।

**ਸ਼੍ਰੀ ਦੀਪ ਮਲਹੋਤਰਾ :** ਸਰ, ਸਪਲੀਮੈਂਟਰੀ ਇਹ ਹੈ ਕਿ ਮੈਨੂੰ ਕੋਈ ਆਸ਼ਵਾਸਨ ਦੇ ਦੇਣ ਇਹ ਕਦੋਂ ਤੱਕ ਬਣ ਜਾਵੇਗਾ ਕਿਉਂਕਿ ਪਹਿਲਾਂ ਇਹ ਸੀ

ਕਿ ਅੰਮ੍ਰਿਤਸਰ, ਬਠਿੰਡਾ ਫੋਰ ਲੇਨ ਰੋਡ ਬਣਨੀ ਸੀ, ਅਸੀਂ ਲੋਕਾਂ ਨੂੰ ਕਹਿ ਦਿੱਤਾ ਕਿ ਫੋਰ ਲੇਨ ਬਣ ਰਹੀ ਹੈ ਅਤੇ ਇਸ ਉਤੇ ਫਲਾਈਓਵਰ ਬਣ ਜਾਣਗੇ ਪਰ ਉਸ ਤੋਂ ਬਾਅਦ ਉਥੇ ਬਾਈਪਾਸ ਨਿਕਲਣ ਕਰਕੇ ਉਹ ਚੀਜ਼ ਫਿਰ ਰਹਿ ਗਈ। ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਹ ਕੋਈ ਆਸ਼ਵਾਸਨ ਦੇ ਦੇਣ ਕਿ ਏਨੇ ਟਾਈਮ ਤੱਕ ਇਹ ਬਣ ਜਾਏਗਾ ਤਾਂ ਕਿ ਅਸੀਂ ਅੱਗੇ ਲੋਕਾਂ ਨੂੰ ਇਹ ਆਸ਼ਵਾਸਨ ਦੇ ਸਕੀਏ ਕਿ ਭਾਈ ਇਹ ਚੀਜ਼ ਇੰਨੀ ਦੇਰ ਤੱਕ ਮੁਕੰਮਲ ਹੋ ਜਾਏਗੀ ਜਾਂ ਇੰਨੀ ਦੇਰ ਵਿੱਚ ਸ਼ੁਰੂ ਹੋ ਜਾਏਗੀ।

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਅਗਲੇ ਸਾਲ ਵਿੱਚ ਬਣਾ ਦਿਆਂਗੇ। ਮੈਂ ਤਾਂ ਪਹਿਲਾਂ ਹੀ ਕਹਿ ਦਿੱਤਾ ਹੈ।

**ਸ਼੍ਰੀ ਦੀਪ ਮਲਹੋਤਰਾ :** ਮੰਤਰੀ ਜੀ, ਮੇਰੀ ਇੱਕ ਬੇਨਤੀ ਹੈ ਦੇਖੋ ਕਿ ਤੁਸੀਂ ਇਹ ਕਿਹਾ ਹੈ ਕਿ ਪਲਾਨ ਵਿੱਚ ਅਗਲੇ ਸਾਲ ਪੈ ਜਾਏਗੀ, ਸਾਨੂੰ ਤਾਂ ਸੈਂਟਰ ਗੌਰਮਿੰਟ ਦਾ ਕੋਈ ਪਤਾ ਨਹੀਂ ।ਤੁਸੀਂ ਸਾਨੂੰ ਇਹ ਆਸ਼ਵਾਸਨ ਦੇ ਦਿਉ ਕਿ ਇਹ ਤੁਹਾਡਾ ਪੁਲ ਅਗਲੇ ਸਾਲ 2016 ਤੱਕ ਬਣ ਜਾਏਗਾ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਇਸ ਬਾਰੇ ਕਹਿ ਦਿੱਤਾ ਹੈ।ਹਾਂ ਜੀ ਅਗਲਾ ਸਵਾਲ ।

----

## ਸਿਵਲ ਹਸਪਤਾਲ, ਲੁਧਿਆਣਾ ਵਿਖੇ ਨਵਜੰਮੇ ਬੱਚਿਆਂ ਦੀ ਮੌਤ ਲਈ ਦੋਸ਼ੀਆਂ ਵਿਰੁੱਧ ਕੀਤੀ ਗਈ ਕਾਰਵਾਈ

***1750. ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸਿਵਲ ਹਸਪਤਾਲ, ਲੁਧਿਆਣਾ ਵਿਚ ਪੰਜ ਨਵਜੰਮੇ ਬੱਚਿਆਂ ਦੀ ਹਾਲ ਹੀ ਵਿੱਚ ਹੋਈ ਮੌਤ ਲਈ ਦੋਸ਼ੀ ਪਾਏ ਗਏ ਵਿਅਕਤੀਆਂ ਵਿਰੁੱਧ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ;

(ਅ) 1 ਅਪ੍ਰੈਲ, 2014 ਤੋਂ ਉਕਤ ਹਸਪਤਾਲ ਵਿਚ ਨਵਜੰਮੇ ਬੱਚਿਆਂ ਦੀਆਂ ਹੋਈਆਂ ਮੌਤਾਂ ਦੇ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਬੱਚਿਆਂ ਦੀ ਮੌਤ ਦੇ ਕਾਰਨ ਕੀ ਹਨ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ, (ੳ) ਸਿਵਲ ਹਸਪਤਾਲ ਲੁਧਿਆਣਾ ਵਿਖੇ ਹਾਲ ਵਿੱਚ ਹੋਏ 5 ਨਵਜੰਮੇ ਬੱਚਿਆਂ ਦੀ ਹੋਈ ਮੌਤ ਲਈ ਦੋਸ਼ੀ ਪਾਏ ਗਏ ਵਿਅਕਤੀਆਂ ਵਿਰੁੱਧ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਗਈ ਹੈ:-

1. ਡਾ. ਐਸ.ਪੀ.ਕਰਕਰਾ, ਐਸ.ਐਮ.ਓ - ਤਬਾਦਲਾ ਕਰਕੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ।
2. ਡਾ. ਯੋਗੇਸ਼ ਖੰਨਾ, ਐਮ.ਓ - ਤਬਾਦਲਾ ਕਰਕੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ।
3. ਡਾ.ਅਲਕਾ ਮਿੱਤਲ, ਐਮ.ਓ - ਮੁਅੱਤਲ ਕਰਕੇ ਚਾਰਜਸ਼ੀਟ ਕੀਤਾ ਗਿਆ।
4 ਸ਼੍ਰੀਮਤੀ ਰਜਨੀ ਸਟਾਫ ਨਰਸ - ਤਾੜਨਾ ਪੱਤਰ ਜਾਰੀ ਕੀਤਾ ਗਿਆ।
5. ਸ਼੍ਰੀਮਤੀ ਕਾਂਤਾ ਦੇਵੀ, ਦਰਜਾ ਚਾਰ - ਤਬਾਦਲਾ ਕੀਤਾ ਗਿਆ।

1 ਅਪ੍ਰੈਲ ਤੋਂ 22 ਦਸੰਬਰ, 2014 ਤੱਕ ਉਕਤ ਹਸਪਤਾਲ ਵਿੱਚ 35 ਨਵਜੰਮੇ ਬੱਚਿਆਂ ਦੀ ਮੌਤ ਹੋਈ। ਕਾਰਨਾਂ ਦੀ ਲਿਸਟ ਅਨੁਲੱਗ 'ੳ' ਤੇ ਰੱਖੀ ਗਈ ਹੈ:-

**ਅਨੁਲੱਗ 'ੳ'**

| ਮਹੀਨਾ | ਬਰਥ ਐਸਫਿਕ-ਸੀਆ | ਮੈਕੌਨੀਅਮ ਐਸਪੀਰੇਸ਼ਨ | ਪ੍ਰੀਮੈਚੂਰਿਟੀ ਡਿਸਟਰੈਸ ਸਿਨਡਰਮ | ਰੈਸਪੀ-ਰੇਟਰੀ | ਅਣਪਛਾਤੇ ਕਾਰਨ | ਕੁੱਲ |
|---|---|---|---|---|---|---|
| ਅਪ੍ਰੈਲ, 2014 | | 2 | 1 | | | 3 |
| ਮਈ, 2014 | | | | | | 0 |
| ਜੂਨ, 2014 | | 1 | 2 | | 1 | 4 |
| ਜੁਲਾਈ, 2014 | | | | | | 0 |
| ਅਗਸਤ, 2014 | | | 1 | 1 | | 2 |
| ਸਤੰਬਰ, 2014 | | | 3 | 1 | | 4 |
| ਅਕਤੂਬਰ,2014 | 2 | 1 | 2 | 4 | | 9 |
| ਨਵੰਬਰ, 2014 | 2 | 1 | 3 | 3 | 1 | 10 |
| ਦਸੰਬਰ, 2014 | 1 | 1 | 1 | | | 3 |
| **ਕੁੱਲ** | **5** | **6** | **13** | **9** | **2** | **35** |

ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਉਥੇ 9 ਮਹੀਨਿਆਂ ਵਿੱਚ 3507 ਬੱਚਿਆਂ ਨੇ ਜਨਮ ਲਿਆ ਹੈ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਥੇ ਪਿਛਲੇ 6 ਮਹੀਨਿਆਂ ਵਿੱਚ ਘੱਟੋ-ਘੱਟ 68 ਮੌਤਾਂ ਹੋ ਚੁੱਕੀਆਂ ਹਨ। ਇਹ ਹਸਪਤਾਲ ਗਰੀਬ ਲੋਕਾਂ ਦੀ ਸੇਵਾ ਵਾਸਤੇ ਬਣਾਇਆ ਗਿਆ ਹੈ। ਇਸ ਕਰਕੇ ਨਹੀਂ ਕਿ ਉਥੇ ਜਿਹੜਾ ਵੀ ਗਰੀਬ ਆਦਮੀ ਜਾਵੇ ਉਥੋਂ ਮਰਿਆ ਹੋਇਆ ਬੱਚਾ ਲੈ ਕੇ ਨਿਕਲੇ। ਤੁਸੀਂ ਜਾ ਕੇ ਦੇਖੋ ਕਿ ਸਿਵਲ ਹਸਪਤਾਲ ਵਿੱਚ ਪਿਛਲੇ ਕਈ ਦਿਨਾਂ ਤੋਂ ਮੁਜ਼ਾਹਰੇ ਹੋ ਰਹੇ ਹਨ। ਸਹੀ ਮਾਅਨਿਆਂ ਵਿੱਚ ਉਹ ਹਸਪਤਾਲ ਕੁਰੱਪਸ਼ਨ ਦਾ ਅੱਡਾ ਬਣਿਆ ਹੋਇਆ ਹੈ। ਉਥੋਂ ਕੋਈ ਜਾ ਕੇ ਧਾਰਾ 23 ਦਾ 25 ਅਤੇ 25 ਦਾ 27 ਪਰਚਾ ਕਰਵਾ ਲੈਂਦਾ ਹੈ। ਇਸ ਦੇ ਨਾਲ-ਨਾਲ ਤੁਸੀਂ ਆਪ ਹੀ ਜੱਜ ਅਤੇ ਵਕੀਲ ਬਣ ਕੇ ਫੈਸਲਾ ਲੈ ਲਿਆ। ਕਿਉਂ ਨਾ ਇਸ ਦੀ ਜਾਂਚ ਲਈ ਹਾਈ ਕੋਰਟ ਦੇ ਕਿਸੇ ਰਿਟਾਇਰ ਜੱਜ ਨੂੰ ਲਗਾਇਆ ਜਾਵੇ ਤਾਂ ਕਿ ਲੋਕਾਂ ਦੇ ਸਾਹਮਣੇ ਸਚਾਈ ਆ ਸਕੇ।

**ਮਾਨਯੋਗ ਸਪੀਕਰ :** ਤੁਸੀਂ ਸਪਲੀਮੈਂਟਰੀ ਕਰੋ ਜੀ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਇਸ ਦੀ ਕਿਸੇ ਸਿਟਿੰਗ ਜੱਜ ਤੋਂ ਇਨਕੁਆਰੀ ਕਰਵਾਈ ਜਾਵੇ ਜੀ।

**ਮਾਨਯੋਗ ਸਪੀਕਰ :** ਨਹੀਂ, ਬੱਸ, ਤੁਸੀਂ ਸਪਲੀਮੈਂਟਰੀ ਕਰੋ ਜੀ। ਹਾਂ ਜੀ ਮੰਤਰੀ ਸਾਹਿਬ, ਕੀ ਤੁਸੀਂ ਜੱਜ ਤੋਂ ਇਨਕੁਆਰੀ ਕਰਾਉਣ ਲਈ ਤਿਆਰ ਹੋ? (ਵਿਘਨ) ਨਹੀਂ ਜੀ ਹਾਲੇ ਬੈਠ ਜਾਉ।

**(ਇੱਕ ਆਵਾਜ਼ :** ਸਪੀਕਰ ਸਾਹਿਬ, ਆਪਣੇ ਸ਼ਹਿਰ ਦੀ ਪਰਮਿਸ਼ਨ ਤਾਂ ਦੇ ਦਿਉ।) (ਵਿਘਨ)

**ਮਾਨਯੋਗ ਸਪੀਕਰ :** ਨਹੀਂ ਜੀ। ਉਨ੍ਹਾਂ ਦੇ ਸਵਾਲ ਦਾ ਜਵਾਬ ਆਉਣ ਤੋਂ ਬਾਅਦ ਹੋ ਸਕਦਾ ਹੈ।

**ਮੰਤਰੀ :** ਲੁਧਿਆਣਾ ਵਿੱਚ ਜਿਹੜੇ 5 ਬੱਚਿਆਂ ਦੀ ਮੌਤ ਹੋਈ ਸੀ ਉਸ ਸਬੰਧੀ ਡੀ.ਸੀ. ਸਾਹਿਬ ਵੱਲੋਂ ਪੰਜ ਟੀਮਾਂ ਬਣਾ ਕੇ ਇਨਕੁਆਰੀ ਕੀਤੀ ਗਈ ਹੈ। ਜੋ ਵੀ ਉਸ ਵਿੱਚ ਦੋਸ਼ੀ ਪਾਏ ਗਏ ਹਨ, ਉਨ੍ਹਾਂ ਬਾਰੇ ਮੈਂ ਦੱਸ ਦਿੱਤਾ ਹੈ ਕਿ

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

ਇਹ ਕਾਰਵਾਈ ਕੀਤੀ ਗਈ ਹੈ। ਪਰ ਜਿਹੜੀ ਮੈਂਬਰ ਸਾਹਿਬ ਗੱਲ ਕਹਿ ਰਹੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿਰਫ ਪੰਜਾਬ ਹੀ ਇੱਕ ਸਟੇਟ ਹੈ ਜਿੱਥੇ 1000 ਬੱਚਿਆਂ ਪਿੱਛੇ ਮੌਤ ਦਰ 26 ਹੈ ਜਦ ਕਿ ਦੂਸਰੀਆਂ ਸਟੇਟਾਂ ਵਿੱਚ 1000 ਬੱਚਿਆਂ ਪਿੱਛੇ ਮੌਤ ਦੀ ਦਰ 40 ਹੈ। ਪੰਜਾਬ ਨੇ ਪ੍ਰਾਗਰੈਸ ਕੀਤੀ ਹੈ ਅਤੇ ਇਸ ਸਬੰਧੀ ਦਿੱਲੀ ਦੀ ਟੀਮ ਨੇ ਸ਼ਾਬਾਸ਼ੀ ਦਿੱਤੀ ਹੈ। ਇਹ ਵਿਧਾਨ ਸਭਾ ਹੈ, ਇਸ ਵਿੱਚ ਅੰਕੜੇ ਬਿਲਕੁਲ ਤੱਥਾਂ ਦੇ ਆਧਾਰ ਤੇ ਦਿੱਤੇ ਜਾਂਦੇ ਹਨ। (ਵਿਘਨ)

(ਇਸ ਸਮੇਂ ਸ਼੍ਰੀ ਸੁਰਿੰਦਰ ਕੁਮਾਰ ਡਾਵਰ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਖਬਾਰ ਲਹਿਰਾਉਂਦੇ ਹੋਏ ਕੁਝ ਬੋਲ ਰਹੇ ਸਨ, ਜੋ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਚੱਲੋ, ਅਖਬਾਰਾਂ ਵਾਲੀ ਗੱਲ ਛੱਡੋ। ਹਾਂ ਜੀ, ਬੈਂਸ ਸਾਹਿਬ, ਤੁਸੀਂ ਦੱਸੋ। (ਵਿਘਨ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਬਿਲਡਿੰਗ ਦਾ ਤੁਸੀਂ ਉਦਘਾਟਨ ਕਰਕੇ ਆਏ ਹੋ, ਉਸ ਬਿਲਡਿੰਗ ਵਿੱਚ ਨਾ ਮੈਡੀਕਲ ਇਕੁਇਪਮੈਂਟਸ ਪੂਰੇ ਹਨ, ਨਾ ਸਟਾਫ ਹੈ.....

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਇਸ ਨਾਲ ਸਬੰਧਤ ਗੱਲ ਕਰੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਇਸ ਨਵੀਂ ਬਿਲਡਿੰਗ ਵਿੱਚ ਸਟਾਫ ਅਤੇ ਇਕੁਇਪਮੈਂਟਸ ਕਦੋਂ ਤੱਕ ਦੇ ਦਿਉਗੇ?

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਕੁਐਸਚਨ ਨਹੀਂ ਬਣਦਾ.. (ਵਿਘਨ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਇਹ ਇਸ ਦੇ ਨਾਲ ਹੀ ਰਿਲੇਟਿਡ ਕੁਐਸਚਨ ਹੈ ਜਿਸ ਬਿਲਡਿੰਗ ਦਾ ਇਹ ਉਦਘਾਟਨ ਕਰਕੇ ਆਏ ਹਨ..

**ਮਾਨਯੋਗ ਸਪੀਕਰ :** ਤੁਸੀਂ ਬੱਚਿਆਂ ਦੀ ਮੌਤ ਨਾਲ ਸਬੰਧਤ ਕੁਐਸਚਨ ਕਰੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਜੇਕਰ ਉਥੇ ਸਟਾਫ ਅਤੇ

ਇਕੁਇਪਮੈਂਟਸ ਹੀ ਨਹੀਂ ਹੈ ਤਾਂ ਬੱਚੇ ਤਾਂ ਮਰਨਗੇ ਹੀ। (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ ਮੋਫਰ ਸਾਹਿਬ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਉਥੇ ਨਰਸਾਂ ਨਹੀਂ ਹਨ (ਅਖਬਾਰ ਲਹਿਰਾਉਂਦੇ ਹੋਏ) ....

**ਮਾਨਯੋਗ ਸਪੀਕਰ :** ਡਾਵਰ ਸਾਹਿਬ, ਪੇਪਰ ਲਹਿਰਾਉਣ ਦੀ ਲੋੜ ਨਹੀਂ। ਤੁਸੀਂ ਆਪਣਾ ਕੁਐਸਚਨ ਸਪਲੀਮੈਂਟਰੀ ਵਿੱਚ ਕਰੋ। (ਵਿਘਨ)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਬੱਚਿਆਂ ਦੀ ਮੌਤ ਦਾ ਕੀ ਕਾਰਨ ਸੀ?

**ਮੰਤਰੀ :** ਕੁਝ ਬੱਚੇ ਤਾਂ ਟਾਈਮ ਤੋਂ ਪਹਿਲਾਂ ਪੈਦਾ ਹੋਏ ਸਨ, ਹੋਰ ਵੀ ਕਈ ਕਾਰਨ ਹੋ ਸਕਦੇ ਹਨ? ਪਰ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ 1000 ਬੱਚਿਆਂ ਪਿੱਛੇ ਸਿਰਫ 26 ਮੌਤਾਂ ਹੁੰਦੀਆਂ ਹਨ ਜਦੋਂ ਕਿ ਦੂਸਰੀਆਂ ਸਟੇਟਾਂ ਵਿਚ ਇਹ ਮੌਤ ਦਰ ਕਿਤੇ ਜ਼ਿਆਦਾ ਹੈ। ਪੰਜਾਬ ਇਸ ਵਿਚ ਵਧੀਆ ਕੰਮ ਕਰਦਾ ਹੈ।(ਸ਼ੋਰ.) (ਵਿਘਨ..) ਰੀਜ਼ਨ ਤਾਂ ਕਈ ਹੋ ਸਕਦੇ ਹਨ। (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਪਾਂਡੇ ਸਾਹਿਬ... (ਵਿਘਨ.)

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ....

**Mr Speaker :** No, No, this is no supplementary. ਪਾਂਡੇ ਜੀ, ਤੁਸੀਂ ਬੈਠੋ ਜੀ। (ਵਿਘਨ...) ਅਗਲਾ ਸਵਾਲ ਜਿੰਦੂ ਜੀ।

----

## ਦਾਣਾ ਮੰਡੀ ਦੇ ਫੜ੍ਹ ਨੂੰ ਪੱਕਾ ਕਰਨਾ

***1752. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਬਲਾਕ ਘੱਲ ਖੁਰਦ ਵਿੱਚ ਪੈਂਦੇ ਪਿੰਡ ਚੰਗਾਲੀ ਕਦੀਮ ਦੀ ਦਾਣਾ ਮੰਡੀ ਦੇ ਕੱਚੇ ਫੜ੍ਹ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਤੋਤਾ ਸਿੰਘ :** ਜੀ ਹਾਂ। ਜ਼ਿਲ੍ਹਾ ਫਿਰੋਜ਼ਪੁਰ ਦੇ ਬਲਾਕ ਘੱਲ

[ ਖੇਤੀਬਾੜੀ ਮੰਤਰੀ ]

ਖੁਰਦ ਵਿਚ ਪੈਂਦੇ ਪਿੰਡ ਚੰਗਾਲੀ ਕਦੀਮ ਖਰੀਦ ਕੇਂਦਰ ਦਾ ਫੜ੍ਹ ਮਿਤੀ 31.3.2015 ਤੱਕ ਪੱਕਾ ਕਰ ਦਿੱਤਾ ਜਾਵੇਗਾ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਸਪੀਕਰ ਸਾਹਿਬ, ਇਸ ਮੰਡੀ ਦਾ ਮੈਂ ਇਹ ਸਵਾਲ ਦੂਸਰੀ ਵਾਰ ਕਰ ਚੁੱਕਾ ਹਾਂ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਨੂੰ ਹੁਣ ਕਦੋਂ ਤੱਕ ਪੱਕਾ ਕਰ ਦਿੱਤਾ ਜਾਵੇਗਾ?

**ਮਾਨਯੋਗ ਸਪੀਕਰ :** ਉਹ ਤਾਂ ਉਨ੍ਹਾਂ ਨੇ ਦੱਸ ਹੀ ਦਿੱਤਾ ਹੈ।

**ਮੰਤਰੀ :** ਸਪੀਕਰ ਸਾਹਿਬ, ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਪਹਿਲਾਂ ਫੰਡ ਦਿੱਤੇ ਸਨ, ਉਹ ਮੱਲਾਂਵਾਲਾ ਮੁੱਖ ਯਾਰਡ ਲਈ ਖਰਚ ਲਏ ਗਏ ਸਨ। ਹੁਣ ਸਪੈਸ਼ਲ ਫੰਡ ਦੇ ਕੇ ਇਸ ਨੂੰ ਮਿਤੀ 31.3.2015 ਤੱਕ ਪੱਕਾ ਕਰ ਦਿੱਤਾ ਜਾਵੇਗਾ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਧੰਨਵਾਦ ਜੀ।

-----

## ਕਬਰਿਸਤਾਨ ਲਈ ਰਾਖਵੀਂ ਜ਼ਮੀਨ ਤੇ ਮਲਕੀਅਤ ਦਾ ਦਾਅਵਾ

***1739. ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਸ਼ਿਵਪੁਰੀ ਰੋਡ, ਲੁਧਿਆਣਾ ਵਿਖੇ ਬੱਚਿਆਂ ਦੇ ਕਬਰਿਸਤਾਨ ਲਈ ਰਾਖਵੀਂ ਰੱਖੀ ਗਈ ਜ਼ਮੀਨ ਦੇ ਕੁਝ ਹਿੱਸੇ ਉੱਤੇ ਕਿਸੇ ਨੇ ਮਲਕੀਅਤ ਦਾ ਦਾਅਵਾ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਇਸ ਮਾਮਲੇ ਵਿਚ ਸਰਕਾਰ ਦੁਆਰਾ ਕੀ ਫੈਸਲਾ ਲਿਆ ਗਿਆ ਹੈ;

(ਅ) ਕੀ ਸਰਕਾਰ ਉਕਤ ਵਿਅਕਤੀ ਨੂੰ ਇਸ ਦੇ ਬਦਲੇ ਕੋਈ ਹੋਰ ਪਲਾਟ ਦੇਣ ਤੇ ਵਿਚਾਰ ਕਰੇਗੀ ; ਜੇਕਰ ਉਸ ਵਿਅਕਤੀ ਦਾ ਦਾਅਵਾ ਕਾਨੂੰਨੀ ਤੌਰ ਤੇ ਉਚਿਤ ਅਤੇ ਵੈਧ ਹੈ?

**ਸ਼੍ਰੀ ਅਨਿਲ ਜੋਸ਼ੀ :** ( ੳ ਅਤੇ ਅ) ਨਹੀਂ ਜੀ ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਸਪੀਕਰ ਸਾਹਿਬ, ਇਹ ਬਹੁਤ ਹੀ

ਅਹਿਮ ਮਸਲਾ ਹੈ ਅਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਉਥੇ ਪਿਛਲੇ 50-60 ਸਾਲਾਂ ਤੋਂ ਕਬਰਿਸਤਾਨ ਬਣਿਆ ਹੋਇਆ ਹੈ। ਛੋਟੇ ਛੋਟੇ ਬੱਚੇ ਉੱਥੇ ਦਫਨਾਏ ਜਾਂਦੇ ਹਨ ਅਤੇ ਸਾਰੇ ਸ਼ਹਿਰ ਦੇ ਬੱਚੇ ਉਥੇ ਦਫਨਾਏ ਜਾਂਦੇ ਹਨ। ਇਹ ਮਸਲਾ ਲਾਅ ਐਂਡ ਆਰਡਰ ਨਾਲ ਜੁੜਿਆ ਹੋਇਆ ਹੈ। ਮਾਨਯੋਗ ਹਾਈ ਕੋਰਟ ਦੇ ਜੱਜ ਸਾਹਿਬ ਨੇ ਆਰਡਰ ਕੀਤੇ ਹਨ ਕਿ ਪੁਲਿਸ ਇਸ ਜਗ੍ਹਾ ਦਾ ਕਬਜ਼ਾ ਦਿਵਾਵੇ। ਜਦੋਂ ਪੁਲਿਸ ਉਥੇ ਕਬਜ਼ਾ ਦਿਵਾਉਣ ਗਈ ਤਾਂ ਉਥੇ ਹਜ਼ਾਰਾਂ ਲੋਕ ਇਕੱਠੇ ਹੋ ਗਏ। ਉਥੇ ਕੋਈ ਨਾ ਕੋਈ ਜਾਨੀ ਨੁਕਸਾਨ ਹੋ ਸਕਦਾ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਦਾ ਕੋਈ ਨਾ ਕੋਈ ਹੱਲ ਕੀਤਾ ਜਾਵੇ। ਇਸ ਦੇ ਬਦਲੇ ਸਰਕਾਰੀ ਜਗ੍ਹਾ ਦਿੱਤੀ ਜਾਵੇ ਜਾਂ ਮੁਆਵਜ਼ਾ ਦਿੱਤਾ ਜਾਵੇ। ਮੁੱਖ ਮੰਤਰੀ ਸਾਹਿਬ ਵੀ ਪਿਛਲੇ ਦਿਨੀਂ ਲੁਧਿਆਣਾ ਵਿਖੇ ਗਏ ਸਨ ਉਦੋਂ ਮੈਂ ਇਨ੍ਹਾਂ ਨੂੰ ਮਿਲਿਆ ਸੀ ਤਾਂ ਇਨ੍ਹਾਂ ਨੇ ਆਸ਼ਵਾਸਨ ਦਿਵਾਇਆ ਸੀ ਅਤੇ ਇਸ ਬਾਰੇ ਡੀ.ਸੀ. ਦੀ ਡਿਊਟੀ ਵੀ ਲਗਾਈ ਸੀ। ਪਰ ਉਹ ਮਸਲਾ ਹੱਲ ਨਹੀਂ ਹੋਇਆ ਅਤੇ ਕੋਈ ਸਰਕਾਰੀ ਜਗ੍ਹਾ ਅਲਾਟ ਨਹੀਂ ਹੋਈ ਅਤੇ ਨਾ ਹੀ ਮੁਆਵਜ਼ਾ ਦਿੱਤਾ ਗਿਆ ਹੈ। ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਉਥੇ ਜਾ ਕੇ ਆਏ ਸਨ। ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਸ ਮਸਲੇ ਨੂੰ ਹੱਲ ਕਰਵਾਇਆ ਜਾਵੇ। ਇਹ ਬੜਾ ਅਹਿਮ ਮਸਲਾ ਹੈ। ਇਸ ਨੂੰ ਹੱਲ ਕੀਤਾ ਜਾਵੇ। (...ਵਿਘਨ...)

**ਮਾਨਯੋਗ ਸਪੀਕਰ :** ਡਾਵਰ ਸਾਹਿਬ, ਤੁਸੀਂ ਕੋਈ ਸਪਲੀਮੈਂਟਰੀ ਤਾਂ ਪੁੱਛੀ ਹੀ ਨਹੀਂ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਮਸਲੇ ਨੂੰ ਕਦੋਂ ਤੱਕ ਹੱਲ ਕਰਵਾ ਦਿੱਤਾ ਜਾਵੇਗਾ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸਾਰੇ ਮੈਟਰ ਬਾਰੇ ਪਤਾ ਹੈ। ਜੇਕਰ ਕਾਨੂੰਨ ਅਨੁਸਾਰ ਵੇਖੀਏ ਤਾਂ (ਵਿਘਨ....) ਇਕ ਮਿੰਟ ਪਾਂਡੇ ਜੀ।

**Mr. Speaker :** Please silence Pandey Sahib. Don't disturb.

**ਮੰਤਰੀ :** ਪਾਂਡੇ ਜੀ, ਤੁਹਾਡੀਆਂ ਗੱਲਾਂ ਸੁਣ ਕੇ, ਤੁਹਾਡੇ ਮੈਂਬਰ ਕਨਫਿਊਜ਼ (ਸ਼੍ਰੀ ਸੁਰਿੰਦਰ ਡਾਵਰ ਵੱਲ ਇਸ਼ਾਰਾ) ਹੋ ਜਾਂਦੇ ਹਨ। ਸਪੀਕਰ ਸਾਹਿਬ,

[ ਸਥਾਨਕ ਸਰਕਾਰ ਮੰਤਰੀ ]

ਮਾਨਯੋਗ ਹਾਈ ਕੋਰਟ ਵਿਚ ਮਿਤੀ 19.12.2014 ਨੂੰ ਨਗਰ ਨਿਗਮ ਵੱਲੋਂ ਹਲਫੀਆ ਬਿਆਨ ਇਸ ਜਗ੍ਹਾ ਨੂੰ ਖਾਲੀ ਕਰਾਉਣ ਵਾਸਤੇ ਦਾਇਰ ਕੀਤਾ ਗਿਆ ਹੈ। ਇਸ ਜਗ੍ਹਾ ਨੂੰ ਖਾਲੀ ਕਰਾਉਣ ਵਾਸਤੇ ਅਸੀਂ ਕਾਰਵਾਈ ਆਰੰਭਾਂਗੇ। ਜੇਕਰ ਮਾਨਯੋਗ ਮੈਂਬਰ ਸਾਹਿਬ ਇਨੀਸ਼ੀਏਟਿਵ ਲੈਂਦੇ ਹਨ ਅਤੇ ਪਲਾਟ ਮਾਲਕ ਆਪਣੀ ਸਹਿਮਤੀ ਦਿੰਦੇ ਹਨ, ਤੁਸੀਂ ਆਪਣੀ ਪ੍ਰਪੋਜ਼ਲ ਲੈ ਕੇ ਆਉ ਤਾਂ ਅਸੀਂ ਕਾਨੂੰਨੀ ਪ੍ਰਕਿਰਿਆ ਨਾਲ ਇਸ ਜਗ੍ਹਾ ਦਾ ਤਬਾਦਲਾ ਕਰ ਦਿਆਂਗੇ। ਤੁਸੀਂ ਇਨੀਸ਼ੀਏਟਿਵ ਲੈ ਲਵੋ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਸਪੀਕਰ ਸਾਹਿਬ, ਇਸ ਦਾ ਸਰਕਾਰੀ ਪੱਧਰ ਤੇ ਹੱਲ ਹੋਣਾ ਚਾਹੀਦਾ ਹੈ।

**ਮੰਤਰੀ :** ਮੈਂ ਸਰਕਾਰ ਦੇ ਪੱਧਰ ਤੇ ਹੀ ਕਹਿ ਰਿਹਾ ਹਾਂ, ਮੈਂ ਵੀ ਇਹੀ ਗੱਲ ਕਰ ਰਿਹਾ ਹਾਂ । ਜੇ ਕਾਨੂੰਨ ਵੇਖੀਏ ਤੇ ਕੋਰਟ ਨੇ ਕਿਹਾ ਹੈ ਕਿ ....

**ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਇਹ ਤਾਂ ਸਰਕਾਰ ਨੇ ਜਗ੍ਹਾ ਦੇਣੀ ਹੈ ।

**ਮੰਤਰੀ :** ਸਪੀਕਰ ਸਾਹਿਬ, ਮੈਂ ਕਿਹੜੇ ਨਾਂਹ ਕੀਤੀ ਹੈ । ਤੁਸੀਂ ਗੱਲ ਸਮਝੋ । ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਮੇਰੀ ਗੱਲ ਧਿਆਨ ਨਾਲ ਸੁਣਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਜਗ੍ਹਾ ਖਾਲੀ ਕਰਵਾਉਣ ਦੀ ਗੱਲ ਹੈ ਤਾਂ ਅਸੀਂ ਹਲਫੀਆ ਬਿਆਨ ਦੇ ਦਿੱਤਾ ਹੈ ਕਿ ਇਸ ਨੂੰ ਖਾਲੀ ਕਰਵਾਉਣ ਵਾਸਤੇ ਜਲਦੀ ਕਾਰਵਾਈ ਕਰਾਂਗੇ । ਅਗਰ ਪਲਾਟ ਮਾਲਕ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ ਤੇ ਜੋ ਕਨੂੰਨੀ ਪ੍ਰਕ੍ਰਿਆ ਹੈ, ਉਸ ਨੂੰ ਅਪਣਾ ਕੇ ਅਸੀਂ ਉਸ ਦਾ ਤਬਾਦਲਾ ਕਰ ਦੇਵਾਂਗੇ । ਤੁਸੀਂ ਇਨੀਸ਼ੀਏਟਿਵ ਲੈ ਲਓ । ਤੁਸੀਂ ਪਰਪੋਜ਼ਲ ਲੈ ਕੇ ਆਓ ... (ਵਿਘਨ)

**ਮਾਨਯੋਗ ਸਪੀਕਰ :** ਚੰਨੀ ਜੀ, ਤੁਹਾਡੇ ਡਿਸਟ੍ਰਿਕਟ ਨਾਲ ਰਿਲੇਟਿਡ ਮਸਲਾ ਨਹੀਂ ਹੈ ।

**ਮੰਤਰੀ :** ਮੈਂਬਰ ਸਾਹਿਬ ਦੀ ਤਸੱਲੀ ਹੋ ਗਈ ਹੈ ।(ਵਿਘਨ)

**ਮਾਨਯੋਗ ਸਪੀਕਰ :** ਪਾਂਡੇ ਸਾਹਿਬ, ਤੁਸੀਂ ਦੱਸੋ। Don't waste the time.

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ

ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਕੋਲ ਪੂਰੀ ਇਨਫਰਮੇਸ਼ਨ ਨਹੀਂ ਹੈ । ਜਗ੍ਹਾ ਪ੍ਰਾਈਵੇਟ ਨਹੀਂ ਹੈ ਬਲਕਿ ਇਹ ਜਗ੍ਹਾ ਬਹੁਤ ਪੁਰਾਣੇ ਸਮੇਂ ਤੋਂ ਬੱਚਿਆਂ ਦੀ ਕਬਰਾਂ ਵਾਸਤੇ ਵਰਤੀ ਜਾ ਰਹੀ ਹੈ । ਜਿਸ ਸ਼ਖਸ ਨੇ ਵੀ ਉਸ ਜਗ੍ਹਾ ਤੇ ਆਪਣਾ ਕਲੇਮ ਕੀਤਾ ਹੈ, ਉਹ ਬਿਲਕੁਲ ਗਲਤ ਕਲੇਮ ਕੀਤਾ ਹੈ । ਇਨ੍ਹਾਂ ਕੋਲ ਪੂਰੀ ਰਿਪੋਰਟ ਨਹੀਂ ਹੈ । ਇਹ ਪਹਿਲਾਂ ਇਸ ਗੱਲ ਦੀ ਜਾਂਚ ਕਰਵਾ ਲੈਣ ਤੇ ਫਿਰ ਜਵਾਬ ਦੇਣ......

**Mr. Speaker :** No.

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਜਾਣਕਾਰੀ ਦੱਸ ਦਿੰਦਾ ਹਾਂ । ਸਪੀਕਰ ਸਾਹਿਬ, ਜਾਣਕਾਰੀ ਇਹ ਹੈ ਕਿ ਸ਼ਿਵਪੁਰੀ ਲੁਧਿਆਣਾ ਵਿੱਚ ਬੱਚਿਆਂ ਦੇ ਕਬਰਿਸਤਾਨ ਵਾਸਤੇ ਜਿਹੜੀ ਰਾਖਵੀਂ ਜ਼ਮੀਨ ਸੀ, ਉਹ 4807 ਵਰਗ ਗਜ਼ ਹੈ, ਉਹ ਮੌਕੇ ਤੇ ਮਹਿਫੂਜ਼ ਹੈ ਪਰ ਇੱਥੇ ਸਪਸ਼ਟ ਕਰਦੇ ਹਾਂ ਕਿ ਨਗਰ ਨਿਗਮ ਦੀ ਮਲਕੀਅਤੀ ਵਾਲੀ ਜ਼ਮੀਨ ਦੇ ਨਾਲ ਪ੍ਰਾਈਵੇਟ ਮਾਲਕ ਸੱਤਪਾਲ ਪੁੱਤਰ ਪਿਆਰੇ ਲਾਲ ਦੀ ਜ਼ਮੀਨ ਰਕਬਾ 967 ਵਰਗ ਗਜ਼ ਤੇ ਇੱਕ ਮੰਦਰ ਅਤੇ ਛੋਟੇ ਬੱਚਿਆਂ ਦਾ ਕਬਰਿਸਤਾਨ, ਬੱਚਿਆਂ ਨੂੰ ਦਫਨਾਉਣ ਵਾਸਤੇ ਬਣਾ ਲਿਆ ਗਿਆ ਹੈ । ਸਾਲ 2010 ਵਿੱਚ ਸੱਤਪਾਲ ਵੱਲੋਂ ਆਪਣੇ ਮਲਕੀਅਤੀ ਵਾਲੇ ਰਕਬੇ ਨੂੰ ਖਾਲੀ ਕਰਵਾਉਣ ਵਾਸਤੇ ਮਾਨਯੋਗ ਹਾਈ ਕੋਰਟ ਵਿੱਚ ਸਿਵਲ ਰਿਟ ਪਟੀਸ਼ਨ ਨੰ: 7124 ਆਫ 2010 ਦਾਇਰ ਕੀਤੀ ਗਈ ਜਿਸ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਹੁਕਮ ਕਰ ਦਿੱਤੇ ਗਏ ਕਿ ਪਟੀਸ਼ਨਰ ਦੀ ਜਗ੍ਹਾ ਤੇ ਹੋਏ ਕਬਜ਼ੇ ਨੂੰ ਖਾਲੀ ਕਰਵਾ ਕੇ ਕਬਜ਼ਾ ਉਨ੍ਹਾਂ ਨੂੰ ਲੈ ਕੇ ਦਿੱਤਾ ਜਾਵੇ । ਹੁਕਮਾਂ ਦੀ ਪਾਲਣਾ ਕਰਨ ਹਿੱਤ ਨਗਰ ਨਿਗਮ, ਲੁਧਿਆਣਾ ਵੱਲੋਂ ਪ੍ਰਾਈਵੇਟ ਜਗ੍ਹਾ ਤੋਂ ਕਬਜ਼ਾ ਮੁਕਤ ਕਰਵਾਉਣ ਲਈ ਨਗਰ ਨਿਗਮ ਵੱਲੋਂ ਹੋਣ ਵਾਲਾ ਖਰਚਾ ਤਿੰਨ ਲੱਖ ਰੁਪਿਆ ਉਨ੍ਹਾਂ ਮਾਲਕਾਂ ਨੂੰ ਜਮ੍ਹਾਂ ਕਰਵਾਉਣ ਵਾਸਤੇ ਕਿਹਾ ਗਿਆ ਜੋ ਉਨ੍ਹਾਂ ਨੇ 10.9.2014 ਨੂੰ ਜਮ੍ਹਾਂ ਕਰਵਾ ਦਿੱਤੇ ਹਨ ।

ਬਾਕੀ ਸਾਰਾ ਮੈਂ ਤੁਹਾਨੂੰ ਦੱਸ ਦਿੱਤਾ ਹੈ । ਉਹ ਜਿਹੜੀ ਜਗ੍ਹਾ ਸਰਕਾਰ ਦੀ ਹੈ, ਜਿਹੜੀ ਕਾਰਪੋਰੇਸ਼ਨ ਦੀ ਹੈ, ਉਹ 4807 ਵਰਗ ਗਜ਼ ਹੈ, ਉਹ ਅਲੱਗ ਹੈ ਤੇ ਇਹ ਅਲੱਗ ਜਗ੍ਹਾ ਹੈ । ਉਥੇ ਲੋਕਾਂ ਨੇ ਇੱਕ ਮੰਦਰ ਵੀ ਬਣਾਇਆ ਹੈ । (ਵਿਘਨ) ਇਹ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੀ ਹੈ ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ :** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਲੋਕ ਚਾਹੁੰਦੇ ਹਨ । (ਵਿਘਨ) ਇਹ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਮੁੱਦਾ ਹੈ । ਇਸ ਦਾ ਹੱਲ ਸਰਕਾਰੀ ਪੱਧਰ ਤੇ ਕੀਤਾ ਜਾਵੇ ਤਾਂ ਕਿ ਉਥੇ ਇਸ ਤਰ੍ਹਾਂ ਦੇ ਹਾਲਾਤ ਪੈਦਾ ਨਾ ਹੋਣ ਕਿਉਂਕਿ ਜੇ ਛੋਟੇ ਛੋਟੇ ਬੱਚਿਆਂ ਦੀਆਂ ਕੁਝ ਕਬਰਾਂ ਨੂੰ ਉਖਾੜਾਂਗੇ ਤਾਂ ਉਥੇ ਫਿਰ ਕੀ ਹਾਲਾਤ ਹੋਣਗੇ ।

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਲੀਅਰ ਕਰ ਦਿੱਤਾ ਹੈ । ਮੈਂਬਰ ਸਾਹਿਬ ਮੇਰੀ ਗੱਲ ਸਮਝਣ ਦੀ ਕੋਸ਼ਿਸ਼ ਨਹੀਂ ਕਰ ਰਹੇ । ਤੁਸੀਂ ਪਰਪੋਜ਼ਲ ਲਿਆਓ ਤੇ ਅਸੀਂ ਆਲਟਰਨੇਟਿਵ ਜਗ੍ਹਾ ਦੇ ਦਿਆਂਗੇ । ਤੁਸੀਂ ਇਨੀਸ਼ੀਏਟਿਵ ਲੈ ਲਓ ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ.....

**ਮਾਨਯੋਗ ਸਪੀਕਰ :** ਇਹ ਸਵਾਲ ਤੁਹਾਡੇ ਜ਼ਿਲ੍ਹੇ ਨਾਲ ਰਿਲੇਟਿਡ ਨਹੀਂ ਹੈ । ਜੇ ਹੁੰਦਾ ਤਾਂ ਮੈਂ ਅਲਾਓ ਕਰ ਦਿੰਦਾ । ਚਲੋ, ਫਿਰ ਤੁਸੀਂ ਦੱਸੋ।

**ਸਰਦਾਰ ਰਣਦੀਪ ਸਿੰਘ :** ਮਾਨਯੋਗ ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਬਾਰੇ ਸਰਕਾਰ ਨੂੰ ਤਜਵੀਜ਼ ਬਣਾਉਣੀ ਚਾਹੀਦੀ ਹੈ ਕਿਉਂਕਿ ਇਕੱਲਾ ਇੱਥੇ ਦਾ ਮਸਲਾ ਨਹੀਂ ਹੈ ।

**ਮਾਨਯੋਗ ਸਪੀਕਰ :** ਇਹੋ ਤਾਂ ਗੱਲ ਸੀ ਜਿਹੜੀ ਮੈਂ ਕਹੀ ਹੈ ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਸੁਣ ਲਓ। ਮੇਰੀ ਗੁਜ਼ਾਰਿਸ਼ ਹੈ ਕਿ ਸਾਡੇ ਅਮਲੋਹ ਹਲਕੇ ਵਿੱਚ ਵੀ ਇੱਕ ਸ਼ਮਸ਼ਾਨ ਘਾਟ ਹੈ ਜਿਹੜਾ ਸ਼ਹਿਰ ਨਾਲ ਜੁੜ ਗਿਆ ਹੈ । ਇਨ੍ਹਾਂ ਜਗ੍ਹਾ ਤੇ ਕਬਜ਼ੇ ਹੋ ਰਹੇ ਹਨ । ਇਹ ਸਾਰੇ ਪੰਜਾਬ ਦਾ ਮਸਲਾ ਹੈ । ਸੀ. ਐਮ. ਸਾਹਿਬ ਇੰਨਾ ਕੁ ਆਸ਼ਵਾਸਨ ਦੇ ਦੇਣ ਕਿ..

**ਮਾਨਯੋਗ ਸਪੀਕਰ :** ਤੁਸੀਂ ਇਸ ਬਾਰੇ ਸੈਪਰੇਟ ਕੁਐਸਚਨ ਦੇ ਦਿਓ । ਹਾਂ ਜੀ, ਅਗਲਾ ਸਵਾਲ ।

-----

## ਹਲਕਾ ਬਾਘਾਪੁਰਾਣਾ ਵਿਚ ਆਰ.ਓ.ਸਿਸਟਮ ਲਗਾਉਣਾ

***1668. ਸਰਦਾਰ ਮਹੇਸ਼ਇੰਦਰ ਸਿੰਘ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਹਲਕਾ ਬਾਘਾਪੁਰਾਣਾ, ਜ਼ਿਲ੍ਹਾ ਮੋਗਾ ਦੇ ਜਿਨ੍ਹਾਂ ਪਿੰਡਾਂ ਵਿਚ ਆਰ.ਓ.ਸਿਸਟਮ ਅਜੇ ਤੱਕ ਵੀ ਨਹੀਂ ਲੱਗੇ, ਲਈ ਹੋਰ ਕਿੰਨਾ ਸਮਾਂ ਲੱਗ ਜਾਵੇਗਾ?

(ਅ) ਕੀ ਵੱਡੇ ਪਿੰਡਾਂ ਵਿੱਚ ਦੂਜਾ ਆਰ.ਓ.ਸਿਸਟਮ ਮੁਹੱਈਆ ਕਰਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਸੁਰਜੀਤ ਸਿੰਘ ਰੱਖੜਾ :** (ੳ) ਹਲਕਾ ਬਾਘਾਪੁਰਾਣਾ ਦੇ ਬਾਕੀ ਰਹਿੰਦੇ 7 ਪਿੰਡਾਂ ਵਿਚੋਂ ਤਿੰਨ ਪਿੰਡਾਂ ਭਾਵ ਉਗੋਕੇ, ਡੈਮਰੂ ਖੁਰਦ ਅਤੇ ਚੋਟੀਆਂ ਟੋਭਾ ਵਿੱਚ ਆਰ.ਓ. ਪਲਾਂਟ ਲਗਾਉਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਇਨ੍ਹਾਂ ਦੀ ਟੈਸਟਿੰਗ ਉਪਰੰਤ ਇਹ ਆਰ.ਓ.ਅਗਲੇ ਦੋ ਮਹੀਨਿਆਂ ਵਿੱਚ ਸ਼ੁਰੂ ਕਰ ਦਿੱਤੇ ਜਾਣਗੇ। ਪਿੰਡ ਭੇਖਾ ਵਿੱਚ ਆਰ.ਓ. ਪਲਾਂਟ ਲਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਬਾਕੀ ਤਿੰਨ ਪਿੰਡਾਂ ਭਾਵ ਛੋਟਾ ਘੱਰ, ਮੋੜ ਨੌ ਅਬਾਦ ਅਤੇ ਸੇਖਾ ਖੁਰਦ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਠੀਕ ਹੋਣ ਕਾਰਨ ਉਥੇ ਆਰ.ਓ.ਲਾਉਣ ਦੀ ਕੋਈ ਤਜਵੀਜ਼ ਨਹੀਂ ਹੈ।

(ਅ) ਨਹੀਂ ਜੀ।

**ਸਰਦਾਰ ਮਹੇਸ਼ਇੰਦਰ ਸਿੰਘ :** ਸਰ, ਮੇਰੀ ਗੁਜਾਰਿਸ਼ ਹੈ ਕਿ ਮੇਰੇ ਸਵਾਲ ਦਾ ਜਵਾਬ ਅੱਧਾ ਆਇਆ ਹੈ। ਇਸ ਨਾਲ ਇੱਕ ਪਾਰਟ-ਅ ਹੈ ਜਿਸ ਵਿੱਚ ਲਿਖਿਆ ਹੈ ਕਿ ਕੀ ਵੱਡੇ ਪਿੰਡਾਂ ਵਿੱਚ ਦੂਜਾ ਆਰ. ਓ. ਸਿਸਟਮ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ? ਜੇ ਕਰ ਹੈ ਤਾਂ ਕਦੋਂ ਤੱਕ ?

**ਮਾਨਯੋਗ ਸਪੀਕਰ :** ਉਸ ਦਾ ਜਵਾਬ ਨਹੀਂ ਵਿੱਚ ਆ ਗਿਆ ਹੈ । ਹਾਂ ਜੀ, ਮੰਤਰੀ ਜੀ ।

**ਮੰਤਰੀ :** ਸਪੀਕਰ ਸਾਹਿਬ, ਸਾਡਾ ਤਾਂ ਪਹਿਲਾਂ ਹੀ ਜਿਹੜਾ ਸਿਸਟਮ ਚੱਲ

[ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ]

ਰਿਹਾ ਹੈ, ਉਹ ਠੀਕ ਹੈ । ਵੱਡੇ ਪਿੰਡਾਂ ਵਿੱਚ ਆਰ. ਓ. ਸਿਸਟਮ ਲਗਾਇਆ ਹੈ ਤੇ ਉਥੋਂ ਦੀ ਲੋੜ ਦੇ ਮੁਤਾਬਿਕ ਲਗਾਇਆ ਹੈ । ਕੋਈ ਕਮੀ ਨਹੀਂ ।

**ਸਰਦਾਰ ਮਹੇਸ਼ਇੰਦਰ ਸਿੰਘ :** ਸਰ, ਮੇਰੀ ਤੁਹਾਡੇ ਰਾਹੀਂ ਗੁਜ਼ਾਰਿਸ਼ ਹੈ ਕਿ ਜਿਹੜੇ ਪਿੰਡ ਉਗੋਕੇ, ਡੈਮਰੂ ਖੁਰਦ ਅਤੇ ਚੋਟੀਆਂ ਟੋਭਾ ਹਨ ਇਹ ਮੇਰੀ ਕਾਂਸਟੀਚਿਊਂਸੀ ਵਿੱਚ ਹਨ, ਇਹ 1500 ਤੋਂ 2000 ਦੀ ਅਬਾਦੀ ਵਾਲੇ ਪਿੰਡ ਹਨ। ਉਥੇ ਇੱਕ ਆਰ.ਓ. ਨਾਲ ਕੰਮ ਚਲਦਾ ਹੈ। ਜਿਵੇਂ ਮੇਰੀ ਕਾਂਸਟੀਚਿਊਂਸੀ ਦੇ ਪਿੰਡ ਸਮਾਲਸਰ, ਰੋਡੇ, ਸਮਾਧ ਭਾਈ ਹਨ, ਇਨ੍ਹਾਂ ਪਿੰਡਾਂ ਦੀ ਆਬਾਦੀ 15,000 ਤੋਂ 17,000 ਹੋ ਚੁੱਕੀ ਹੈ। ਇਹ ਇੱਕ ਪਿੰਡ ਦੀ ਆਬਾਦੀ ਹੈ। ਪੰਜ-ਪੰਜ ਪੰਚਾਇਤਾਂ ਵਿੱਚ ਇਹ ਪਿੰਡ ਵੰਡੇ ਹੋਏ ਹਨ। ਤੁਸੀਂ ਹੁਣ ਆਪ ਅੰਦਾਜ਼ਾ ਲਗਾਓ ਕਿ ਜਿਥੇ ਇੰਨਾ ਮਾੜਾ ਪਾਣੀ ਹੋਵੇ ਤਾਂ ਉਥੇ ਕੀ ਹਾਲ ਹੋਵੇਗਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਦੇਖਿਆ ਹੈ ਕਿ ਦਸ ਕੁ ਦਿਨ ਪਹਿਲਾਂ ਸੈਂਟਰ ਦੇ ਵਜ਼ੀਰ ਅਤੇ ਸਟੇਟ ਗੌਰਮਿੰਟ ਦੇ ਵਜ਼ੀਰ ਮੇਰੀ ਕਾਂਸਟੀਚਿਊਂਸੀ ਵਿਚ ਵਿਜ਼ਟ ਕਰਕੇ ਆਏ ਹਨ। ਉਥੇ ਮੇਰੀ ਕਾਂਸਟੀਚਿਊਂਸੀ ਦੇ ਵਿੱਚ ਹੈਪਾਟਾਈਟਸ-ਸੀ ਨਾਲ ਅਤੇ ਕੈਂਸਰ ਨਾਲ ਬਹੁਤ ਜ਼ਿਆਦਾ ਮੌਤਾਂ ਹੋ ਰਹੀਆਂ ਹਨ। ਮੈਂ ਪਿਛਲੇ ਸੈਸ਼ਨ ਵਿੱਚ ਇੱਕ ਕਾਲ ਅਟੈਂਨਸ਼ਨ ਮੋਸ਼ਨ ਵੀ ਦਿੱਤਾ ਸੀ ਕਿ ਇਕੱਲੇ ਬਾਘਾਪੁਰਾਣਾ ਸ਼ਹਿਰ ਦੇ ਵਿੱਚ ਪਿਛਲੇ ਚਾਰ-ਪੰਜ ਸਾਲਾਂ ਵਿੱਚ 200 ਮੌਤਾਂ ਕੈਂਸਰ ਨਾਲ ਅਤੇ ਹੈਪਾਟਾਈਟਸ-ਸੀ ਨਾਲ ਹੋ ਗਈਆਂ ਹਨ। ਸੋ, ਮੇਰੀ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਗੁਜ਼ਾਰਿਸ਼ ਹੈ ਕਿ ਇੱਡੇ ਵੱਡੇ ਪਿੰਡ ਵਿੱਚ ਇੱਕ ਆਰ.ਓ. ਸਿਸਟਮ ਵਧੀਆ ਪਾਣੀ ਮੁਹੱਈਆ ਨਹੀਂ ਕਰਵਾ ਸਕਦੇ। ਇਸ ਕਰਕੇ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਾਰ-ਵਾਰ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਜਿਥੇ ਪਿੰਡ ਵੱਡਾ ਹੈ, ਉਥੇ ਦੋ-ਦੋ, ਤਿੰਨ-ਤਿੰਨ ਆਰ.ਓ. ਸਿਸਟਮ ਲਗਾਉਣੇ ਚਾਹੀਦੇ ਹਨ। ਜਿਹੜਾ 1500 ਦੀ ਆਬਾਦੀ ਵਾਲਾ ਪਿੰਡ ਹੈ, ਉਥੇ ਵੀ ਇੱਕ ਆਰ.ਓ. ਅਤੇ 20,000 ਦੀ ਆਬਾਦੀ ਵਾਲੇ ਪਿੰਡ ਵਿੱਚ ਵੀ ਇੱਕ ਆਰ.ਓ., ਲੱਗਿਆ ਹੋਵੇ ਤਾਂ ਇਸ ਤਰ੍ਹਾਂ ਕੰਮ ਚੱਲਣਾ ਨਹੀਂ ਜੀ।

**ਮਾਨਯੋਗ ਸਪੀਕਰ :** ਇਹ ਤਾਂ ਕੋਈ ਸਪਲੀਮੈਂਟਰੀ ਨਹੀਂ। ਸੁਜੈਸ਼ਨ ਤੁਸੀਂ ਉਨ੍ਹਾਂ ਨੂੰ ਲਿਖ ਕੇ ਦੇਣਾ ਪਰ ਤੁਸੀਂ ਕੋਈ ਸਪਲੀਮੈਂਟਰੀ ਤਾਂ ਕਰੋ।

**ਸਰਦਾਰ ਮਹੇਸ਼ਇੰਦਰ ਸਿੰਘ :** ਸਰ, ਇਹ ਮੇਰੀ ਸਪਲੀਮੈਂਟਰੀ ਹੀ ਹੈ ਜੀ।

**ਮਾਨਯੋਗ ਸਪੀਕਰ :** ਸਪਲੀਮੈਂਟਰੀ ਬਣੀ ਹੀ ਨਹੀਂ। ਕੋਈ ਕੁਐਸਚਨ ਤੁਸੀਂ ਪੁੱਛਿਆ ਹੀ ਨਹੀਂ।

**ਸਰਦਾਰ ਮਹੇਸ਼ਇੰਦਰ ਸਿੰਘ :** ਮੈਂ ਇਹੀ ਕੁਐਸਚਨ ਪੁੱਛਿਆ ਹੈ ਕਿ ਵੱਡੇ ਪਿੰਡਾਂ ਵਿੱਚ ਕਦੋਂ ਤੱਕ ਆਰ.ਓ.ਲਗਾਉਣਗੇ। ਉਥੇ ਇਹ ਲਗਾਉਣਾ ਜ਼ਰੂਰੀ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਜੀ ਵੱਡੇ ਪਿੰਡਾਂ ਵਿੱਚ ਕਦੋਂ ਤੱਕ ਆਰ.ਓ. ਲਗਾਵੋਗੇ ?

**ਮੰਤਰੀ :** ਇਹ ਆਪਣੀ ਪਰਪੋਜ਼ਲ ਲਿਖ ਕੇ ਦੇ ਦੇਣ, ਅਸੀਂ ਵਿਚਾਰ ਕਰ ਲੈਂਦੇ ਹਾਂ ਜੀ। ਜੇਕਰ ਠੀਕ ਲੱਗੇਗਾ ਤਾਂ ਉਥੇ ਦੋ ਬਣਾ ਦੇਵਾਂਗੇ ਜੀ।

**ਮਾਨਯੋਗ ਸਪੀਕਰ :** ਅਗਲਾ ਸਵਾਲ।

----------

## ਕੰਡੀ ਕੈਨਾਲ ਦੀ ਰਿਪੇਅਰ ਸਬੰਧੀ

***1740. ਸ਼੍ਰੀਮਤੀ ਸੁਖਜੀਤ ਕੌਰ ਸਾਹੀ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਸੂਹਾ ਹਲਕੇ ਵਿੱਚ ਮੁਕੇਰੀਆਂ ਹਾਈਡਲ ਪਾਵਰ ਹਾਊਸ ਨੰ: 1 ਤਲਵਾੜਾ ਤੋਂ ਨਿਕਲਦੀ ਕੰਡੀ ਕੈਨਾਲ ਦੀ ਰਿਪੇਅਰ ਸਾਲ 2011 ਵਿਚ ਕਰੋੜਾਂ ਰੁਪਏ ਖਰਚ ਕਰਕੇ ਕੀਤੀ ਗਈ ਸੀ ਅਤੇ ਹੁਣ ਉਸ ਦੇ 70% ਸਾਈਫਨ ਬੰਦ ਹੋ ਚੁੱਕੇ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੀ ਸਫਾਈ ਲਈ ਚਾਲੂ ਮਾਲੀ ਸਾਲ ਦੌਰਾਨ ਰੱਖੇ ਗਏ ਫੰਡਾਂ ਦੇ ਵੇਰਵੇ ਕੀ ਹਨ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਕੰਡੀ ਕੈਨਾਲ ਸਟੇਜ਼-1 ਦੀ ਸਫਾਈ ਅਤੇ ਰਿਪੇਅਰ ਵਾਸਤੇ ਚਾਲੂ ਵਿੱਤੀ ਸਾਲ ਵਿੱਚ 205.81 ਲੱਖ ਰੁਪਏ ਦੇ ਬਜਟ ਦੀ ਉਪਬੰਧਤਾ ਕੀਤੀ ਗਈ ਹੈ ।

**ਸ਼੍ਰੀਮਤੀ ਸੁਖਜੀਤ ਕੌਰ ਸਾਹੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਕਰੋੜਾਂ ਰੁਪਏ ਖਰਚ ਕਰਕੇ ਜਿਹੜੀ ਕੰਡੀ ਕੈਨਾਲ ਦੀ ਰਿਪੇਅਰ ਹੋਈ ਸੀ, ਉਸ ਦੇ 70% ਸਾਈਫਨ ਬੰਦ ਹਨ । ਜਿਹੜੇ ਜਿਮੀਂਦਾਰ ਹਨ, ਉਹ ਆਪਣੇ ਲੈਵਲ ਤੇ ਉਨ੍ਹਾਂ ਦੀ ਸਫਾਈ ਕਰਵਾਉਂਦੇ ਹਨ ਤਾਂ ਕਿ ਉਨ੍ਹਾਂ ਨੂੰ ਪਾਣੀ ਦੀ ਸੁਵਿਧਾ ਪਹੁੰਚ ਸਕੇ ਲੇਕਿਨ ਉਹ ਵੀ ਮਾਕੂਲ

[ ਸ਼੍ਰੀਮਤੀ ਸੁਖਜੀਤ ਕੌਰ ਸਾਹੀ ]

ਸਫਾਈ ਨਹੀਂ ਹੋ ਪਾਉਂਦੀ। ਉਹ ਕਿਸਾਨ ਸਰਕਾਰ ਨੂੰ ਮਾਲੀਆ ਵੀ ਦਿੰਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਕੀ ਸਰਕਾਰ ਦੇ ਅਧੀਨ ਕੋਈ ਐਸੀ ਯੋਜਨਾ ਹੈ ਕਿ ਉਨ੍ਹਾਂ ਨੂੰ ਰੈਗੁਲਰ ਮੇਨਟੀਨੈਂਸ ਦੇ ਫੰਡ ਰਿਲੀਜ਼ ਹੋ ਸਕਣ ਤਾਂ ਕਿ ਉਨ੍ਹਾਂ ਨੂੰ ਪਾਣੀ ਦੀ ਅਸੁਵਿਧਾ ਨਾ ਹੋਵੇ।

**ਮੰਤਰੀ :** ਸਪੀਕਰ ਸਾਹਿਬ, ਜੋ ਕੁਐਸਚਨ ਇਨ੍ਹਾਂ ਨੇ ਪੁੱਛਿਆ ਹੈ, ਉਸ ਦੇ ਵਾਸਤੇ ਅਸੀਂ ਸਾਰੀ ਪਲੈਨਿੰਗ ਬਣਾ ਲਈ ਹੈ। ਮੈਂ ਉਸ ਦੀ ਪੂਰੀ ਡਿਟੇਲ ਵੀ ਦੱਸ ਦਿੰਦਾ ਹਾਂ। ਜੋ ਅਸੀਂ 2,05,81,000 ਰੁਪਏ ਰੱਖੇ ਹਨ, ਇਸ ਦੇ ਵਿੱਚ ਨਹਿਰ ਅਤੇ ਸਾਈਫਨਾਂ ਦੀ ਮੁਕੰਮਲ ਸਫਾਈ ਕਰਨ ਲਈ 27,42,000 ਰੁਪਿਆ ਰੱਖਿਆ ਹੈ। ਡੈਮੇਜ ਹੋਈ ਲਾਈਨਿੰਗ ਅਤੇ ਖਾਲੀ ਜੁਆਇੰਟਾਂ ਦੀ ਮੁਰੰਮਤ ਲਈ 75,05,000 ਰੁਪਿਆ ਰੱਖਿਆ ਹੈ। ਗੇਟਾਂ ਦੀ ਮੁਰੰਮਤ ਲਈ 53,34,000 ਰੁਪਿਆ ਰੱਖਿਆ ਹੈ। ਸਟਰਕਚਰ ਦੀ ਲੀਕੇਜ ਬੰਦ ਕਰਨ ਲਈ ਸਪੈਸ਼ਲ ਟਰੀਟਮੈਂਟ ਕਰਨ ਲਈ 50,00,000 ਰੁਪਿਆ ਰੱਖਿਆ ਹੈ। ਇਹ ਅਸੀਂ ਸਾਰੀ ਪਲੈਨਿੰਗ ਕੀਤੀ ਹੋਈ ਹੈ।

**ਸ਼੍ਰੀਮਤੀ ਸੁਖਜੀਤ ਕੌਰ ਸਾਹੀ :** ਧੰਨਵਾਦ ਜੀ।

----

## ਹਲਕਾ ਗੜ੍ਹਸ਼ੰਕਰ ਵਿਚ 66 ਕੇ.ਵੀ.ਗਰਿੱਡ ਚਾਲੂ ਕਰਨਾ

***1651. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਗੜ੍ਹਸ਼ੰਕਰ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਪਿੰਡ ਡੱਲੇਵਾਲ ਵਿਚ 66 ਕੇ.ਵੀ. ਦੇ ਗਰਿੱਡ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਸੁਖਬੀਰ ਸਿੰਘ ਬਾਦਲ :** 66 ਕੇ. ਵੀ. ਸਬ-ਸਟੇਸ਼ਨ ਪਿੰਡ ਡੱਲੇਵਾਲ ਤਹਿਸੀਲ ਗੜ੍ਹਸ਼ੰਕਰ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਸਿਵਲ ਦਾ ਕੰਮ 80 ਫੀਸਦ ਮੁਕੰਮਲ ਹੋ ਚੁੱਕਿਆ ਹੈ। ਗੜ੍ਹਸ਼ੰਕਰ ਤੋਂ ਡੱਲੇਵਾਲ ਜਾਣ ਵਾਲੀ ਟਰਾਂਸਮਿਸ਼ਨ ਲਾਈਨ ਦੀ ਉਸਾਰੀ ਦਾ ਕੰਮ ਜੰਗਲਾਤ ਮਹਿਕਮੇ ਦੀ ਕਲੀਅਰੈਂਸ ਲਈ ਭੇਜਿਆ ਗਿਆ ਹੈ।ਉਥੋਂ ਜੋ ਵੀ ਆਬਜੈਕਸ਼ਨ ਲੱਗੇ ਸਨ ਉਹ ਦੂਰ ਕਰਵਾ ਦਿੱਤੇ ਗਏ ਹਨ ਅਤੇ 55.61 ਲੱਖ ਰੁਪਏ ਉਨ੍ਹਾਂ ਨੂੰ ਜਮ੍ਹਾਂ ਕਰਵਾ ਦਿੱਤੇ ਗਏ ਹਨ। ਜੰਗਲਾਤ ਵਿਭਾਗ ਵਲੋਂ ਫਿਜ਼ੀਕਲ ਵੈਰੀਫਿਕੇਸ਼ਨ ਕਰਵਾਉਣ ਉਪਰੰਤ

ਇਹ ਕੇਸ ਪ੍ਰਵਾਨਗੀ ਲਈ ਜੰਗਲਾਤ ਵਿਭਾਗ, ਭਾਰਤ ਸਰਕਾਰ ਨੂੰ ਮਿਤੀ 11.12.2014 ਨੂੰ ਭੇਜ ਦਿੱਤਾ ਗਿਆ ਹੈ। ਇਸ ਲਾਈਨ ਦੀ ਉਸਾਰੀ ਦਾ ਕੰਮ ਜੰਗਲਾਤ ਕਲੀਅਰੈਂਸ ਮਿਲਣ ਉਪਰੰਤ ਮੁਕੰਮਲ ਕਰ ਲਿਆ ਜਾਵੇਗਾ ਅਤੇ ਇਸ ਤੋਂ ਬਾਅਦ ਸਬ-ਸਟੇਸ਼ਨ ਚਾਲੂ ਕਰ ਦਿੱਤਾ ਜਾਵੇਗਾ। ਇਹ ਸਬ-ਸਟੇਸ਼ਨ ਮਿਤੀ 31.3.2015 ਤੱਕ ਚਾਲੂ ਹੋਣ ਦੀ ਸੰਭਾਵਨਾ ਹੈ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਸੀ.ਐਮ.ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਪਵਿੱਤਰ ਸਦਨ ਵਿਚ ਮਿਤੀ 30.5.2014 ਨੂੰ ਇਹ ਆਸ਼ਵਾਸਨ ਦਿਵਾਇਆ ਗਿਆ ਸੀ ਕਿ ਇਹ ਗਰਿੱਡ ਚਾਲੂ ਹੋ ਜਾਵੇਗਾ। ਸਪੀਕਰ ਸਾਹਿਬ, ਹੁਣ ਮੈਂ ਤੁਹਾਡੇ ਰਾਹੀਂ ਉਪ ਮੁੱਖ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਕਰਦਾ ਹਾਂ ਕਿ ਇਸ ਨੂੰ ਮਿਤੀ 31.3.2015 ਤੱਕ ਚਾਲੂ ਕਰਨ ਨੂੰ ਯਕੀਨੀ ਬਣਾਇਆ ਜਾਵੇ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਸਾਰੀ ਪ੍ਰਾਬਲਮ ਡਿਪਾਰਟਮੈਂਟ ਆਫ ਫਾਰੈਸਟ ਦੀ ਇਨਵਾਇਰਨਮੈਂਟਲ ਕਲੀਅਰੈਂਸ ਦੀ ਹੈ । ਇਸ ਦੀ ਕੇਂਦਰ ਸਰਕਾਰ ਕੋਲ ਕਲੀਅਰੈਂਸ ਹੁੰਦੀ ਹੈ ਤੇ ਕਈ ਸਾਲ ਉਥੇ ਕੇਸ ਉਤੇ ਥੱਲੇ ਜਾਂਦਾ ਰਿਹਾ, ਸਟੇਟ ਕੋਲ ਕੁਝ ਨਹੀਂ ਹੈ। ਅਸੀਂ ਫਾਲੋ-ਅੱਪ ਕਰਕੇ ਉਨ੍ਹਾਂ ਦੇ ਆਬਜੈਕਸ਼ਨ ਵੀ ਪੂਰੇ ਕੀਤੇ, ਪੈਸੇ ਵੀ ਜਮ੍ਹਾਂ ਕਰਵਾਏ । ਹੁਣ ਆਪ ਜੀ ਨੂੰ ਪਤਾ ਹੀ ਹੈ ਕਿ ਉਥੇ ਐਨਵਾਇਰਨਮੈਂਟਲ ਮਨਿਸਟਰੀ ਕਿੰਨਾ ਕੁ ਸਮਾਂ ਲਗਾਉਂਦੀ ਹੈ। ਜਿਸ ਦਿਨ ਇਸ ਦੀ ਕਲੀਅਰੈਂਸ ਆ ਗਈ ਤਾਂ ਬਾਕੀ ਕੰਮ ਮੁਕੰਮਲ ਹੋ ਜਾਵੇਗਾ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਵੇਖ ਰਿਹਾ ਸੀ ਕਿ ਜਦੋਂ ਡਿਪਟੀ ਸੀ.ਐਮ.ਸਾਹਿਬ ਜਵਾਬ ਪੜ੍ਹ ਰਹੇ ਸੀ ਤਾਂ ਮੈਂ ਰਿਲਾਈਜ਼ ਕੀਤਾ ਕਿ ਇਨ੍ਹਾਂ ਦਾ ਵੀ ਹੱਥ ਮੇਰੇ ਵਾਂਗ ਪੰਜਾਬੀ ਵਿਚ ਥੋੜ੍ਹਾ ਜਿਹਾ ਤੰਗ ਹੈ That is not the issue.

**ਉਪ ਮੁੱਖ ਮੰਤਰੀ (ਬੈਠੇ ਬੈਠੇ):** ਮੇਰਾ ਤਾਂ ਠੀਕ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੇਰਾ ਜਿਹੜਾ ਸਵਾਲ ਡਿਪਟੀ ਸੀ.ਐਮ.ਸਾਹਿਬ ਕੋਲ ਹੈ ਕਿ ਇਹ ਤਾਂ ਅਜੇ ਪੰਜਾਬੀ ਹੈ ਉਦੋਂ ਕੀ ਹੋਵੇਗਾ ਜਦੋਂ

[ ਸ਼੍ਰੀ ਸੁਨੀਲ ਜਾਖੜ ]

ਬੀ.ਜੇ.ਪੀ. ਦੀ ਸਰਕਾਰ, ਐਨ.ਡੀ.ਏ.ਦੀ ਸਰਕਾਰ ਸੰਸਕ੍ਰਿਤ ਕੰਪਲਸਰੀ ਕਰਨ ਜਾ ਰਹੀ ਹੈ (ਵਿਘਨ) ਮੈਂ ਤਾਂ ਫਿਰ ਵੀ ਸੰਸਕ੍ਰਿਤ ਪੜ੍ਹਿਆ ਹਾਂ।(ਵਿਘਨ) ਸਪੀਕਰ ਸਾਹਿਬ, ਇਸੇ ਹਾਊਸ ਵਿੱਚ ਜਦੋਂ ਮੈਡਮ ਚਾਵਲਾ ਬੋਲਦੇ ਹੁੰਦੇ ਸੀ ਤਾਂ....

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਕੱਲ੍ਹ ਤੋਂ ਕੁਝ ਸਿੱਖਿਆ ਨਹੀਂ ਹੈ (ਵਿਘਨ, ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਉਹ ਜਦੋਂ ਸੰਸਕ੍ਰਿਤ ਬੋਲਦੇ ਸੀ ਤਾਂ ਸਾਰਾ ਹਾਊਸ ਮਜ਼ਾਕ ਉਡਾਉਂਦਾ ਸੀ (ਵਿਘਨ) ਤੁਹਾਡਾ ਮੇਰਾ ਬਣੇਗਾ ਕੀ ? ਤੁਸੀਂ ਉਸ ਗੱਲ ਉਤੇ ਜਵਾਬ ਦਿਉ। Cheema Sahib, what is the intention of the Government? Will you implement Sanskrit or not?

**ਮਾਨਯੋਗ ਸਪੀਕਰ :** ਨਹੀਂ ਜਾਖੜ ਸਾਹਿਬ, ਨਹੀਂ । This is not the time. This is waste of time of the House.

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ, Sir, I have right to speak.

**ਮਾਨਯੋਗ ਸਪੀਕਰ :** ਹਾਂ ਜੀ, ਮਿੱਤਲ ਸਾਹਿਬ, ਤੁਸੀਂ ਦੱਸੋ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਪੁੱਛੋ ਕਿ ਕੱਲ੍ਹ ਇਹ ਏਨੀਆਂ ਗਾਲ੍ਹਾਂ ਕੱਢ ਗਏ।(ਵਿਘਨ) ਜੰਮੂ ਕਸ਼ਮੀਰ ਤੇ ਝਾਰਖੰਡ ਨੇ ਫੈਸਲਾ ਕੀਤਾ ਹੈ। ਹੁਣ ਇਨ੍ਹਾਂ ਨੂੰ ਸੰਸਕ੍ਰਿਤ ਯਾਦ ਆ ਰਹੀ ਹੈ। (ਵਿਘਨ ਸ਼ੋਰ) ਮੈਂ ਕੱਲ੍ਹ ਇਨ੍ਹਾਂ ਨੂੰ ਪ੍ਰਤਾਪ ਸਿੰਘ ਕੈਰੋਂ ਦੇ ਸ਼ਬਦ ਵੀ ਬੋਲ ਕੇ ਦੱਸੇ ਸਨ... (ਵਿਘਨ ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕੱਲ੍ਹ ਮੇਰੇ ਕਿਸੇ ਸਾਥੀ ਨੇ ਕੋਈ ਗਾਲ੍ਹ ਕੱਢੀ ਹੋਵੇ ਤਾਂ ਮੈਂ ਆਪਣਾ ਅਸਤੀਫਾ ਤੁਹਾਨੂੰ ਹੈਂਡ ਓਵਰ ਕਰ ਦਿਆਂਗਾ.. (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਕੋਈ ਲੋੜ ਨਹੀਂ ਹੈ। ਆਪਾਂ ਕੁਐਸਚਨ ਆਵਰ ਦਾ ਸਮਾਂ ਵੇਸਟ ਕਰ ਰਹੇ ਹਾਂ।

**Shri Sunil Jakhar :** I am pained to say he is** **

**Minister for Parliamentary Affairs :** ** **

**Mr. Speaker :** Nothing should be recorded now. Nothing should be recorded . (ਵਿਘਨ ਸ਼ੋਰ) Jakhar ji, Nothing is going to be recorded. Nothing should be recorded now. (ਵਿਘਨ ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਰਾਕੇਸ਼ ਪਾਂਡੇ ਜੀ।

----

**ਲੁਧਿਆਣਾ ਦੱਖਣੀ ਬਾਈਪਾਸ ਪ੍ਰਾਜੈਕਟ ਦੀ ਮੌਜੂਦਾ ਸਥਿਤੀ**

***1742. ਸ਼੍ਰੀ ਰਾਕੇਸ਼ ਪਾਂਡੇ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਲੁਧਿਆਣਾ ਦੱਖਣੀ ਬਾਈਪਾਸ ਪ੍ਰੋਜੈਕਟ (ਦੋਰਾਹਾ–ਲੁਧਿਆਣਾ) ਦੀ ਮੌਜੂਦਾ ਸਥਿਤੀ ਕੀ ਹੈ ;

(ਅ) ਉਕਤ ਪ੍ਰਾਜੈਕਟ ਦੀ ਕੁੱਲ ਅਨੁਮਾਨਿਤ ਲਾਗਤ ਕਿੰਨੀ ਹੈ ਅਤੇ ਇਹ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ,

(ੳ) ਲੁਧਿਆਣਾ ਦੱਖਣੀ ਬਾਈਪਾਸ ਪ੍ਰੋਜੈਕਟ (ਦੋਰਾਹਾ–ਲੁਧਿਆਣਾ) ਦੀ ਉਸਾਰੀ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਹੁਣ ਤੱਕ ਲਗਭਗ 92% ਕੰਮ ਮੁਕੰਮਲ ਹੋ ਚੁੱਕਾ ਹੈ।

(ਅ) ਉਕਤ ਪ੍ਰੋਜੈਕਟ ਦੀ ਕੁੱਲ ਅਨੁਮਾਨਿਤ ਲਾਗਤ 411 ਕਰੋੜ ਰੁਪਏ ਹੈ ਅਤੇ ਇਸ ਕੰਮ ਦੇ ਜੂਨ, 2015 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਮੇਰਾ ਇਕ ਤਾਂ ਸਵਾਲ ਅਧੂਰਾ ਲੱਗਿਆ ਹੈ।

**ਮਾਨਯੋਗ ਸਪੀਕਰ :** ਤੁਸੀਂ ਮਾਈਕ ਦੇ ਲਾਗੇ ਆ ਜਾਉ । ਮੈਨੂੰ ਵੀ ਇਥੋਂ ਸੁਣਦਾ ਨਹੀਂ ਹੈ।

---

**Not recorded as ordered by the Chair.

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਮੇਰਾ ਸਵਾਲ ਥੋੜ੍ਹਾ ਜਿਹਾ ਅਧੂਰਾ ਲੱਗਿਆ ਹੈ। ਇਹ ਠੀਕ ਹੈ ਕਿ ਮੰਤਰੀ ਸਾਹਿਬ ਨੇ ਇਸ ਦੀ ਪ੍ਰਾਗਰੈਸ ਦੱਸੀ ਹੈ । ਸਪੀਕਰ ਸਾਹਿਬ, ਇਹ ਤੁਹਾਡੇ ਤੇ ਮੇਰੇ ਸ਼ਹਿਰ ਦਾ ਇਕ ਅਹਿਮ ਪ੍ਰਾਜੈਕਟ ਹੈ ਜਿਹੜਾ ਕਿ ਸ਼ਹੀਦ-ਏ-ਆਜ਼ਮ ਸਰਦਾਰ ਬੇਅੰਤ ਸਿੰਘ ਦੇ ਟਾਈਮ ਵਿਚ ਸ਼ੁਰੂ ਹੋਇਆ ਸੀ । ਉਸ ਤੋਂ ਬਾਅਦ ਇਸ ਸਮੇਂ ਦੀ ਸਰਕਾਰ ਨੇ ਉਸ ਕੰਮ ਨੂੰ ਅਗਾਂਹ ਵਧਾਇਆ ਹੈ । ਮੈਂ ਮੇਨਲੀ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਕੰਮ ਦੌਰਾਨ ਜਿਹੜੀ ਉਸ ਵਿਚ ਸਿਲਟ ਪੈਦਾ ਹੋ ਗਈ ਹੈ ਉਸ ਨੂੰ ਕੱਢਣ ਦਾ, ਸਫਾਈ ਦਾ ਕੀ ਇੰਤਜ਼ਾਮ ਹੈ ਕਿਉਂਕਿ ਉਹ ਬਿਲਕੁਲ ਪੂਰੀ ਤਰ੍ਹਾਂ ਭਰ ਚੁੱਕਿਆ ਹੈ। ਉਸ ਦਾ ਲੈਵਲ ਇਸ ਤਰੀਕੇ ਦਾ ਹੈ ਕਿ ਜਦੋਂ ਵੀ ਆਪਾਂ ਨੂੰ ਉਸ ਵਿਚ ਕਿਸੇ ਵੇਲੇ ਬਰਸਾਤ ਵਿਚ ਪਾਣੀ ਛੱਡਣਾ ਪਿਆ ਤਾਂ ਉਹ ਆਲੇ ਦੁਆਲੇ ਦੀ ਅਬਾਦੀ ਨੂੰ ਇਫੈਕਟ ਕਰੇਗਾ।

**ਮਾਨਯੋਗ ਸਪੀਕਰ :** ਹਾਂ ਜੀ, ਸੇਖੋਂ ਜੀ। ਇਨ੍ਹਾਂ ਦਾ ਭਾਵ ਪਿੱਲਰਾਂ ਤੋਂ ਹੈ ਜਿਸ ਕਾਰਨ ਨਹਿਰ ਵਿੱਚ ਸਿਲਟ ਦਾ ਕਾਫ਼ੀ ਹਿੱਸਾ ਜਾਂਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਇਸ ਵਿੱਚ ਸਿਲਟ ਵਾਲੀ ਕੋਈ ਗੱਲ ਨਹੀਂ ਹੈ।

**ਮਾਨਯੋਗ ਸਪੀਕਰ :** ਅਜੇ ਤਾਂ ਬਿਗਨਿੰਗ ਹੀ ਨਹੀਂ ਹੈ।

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਜਵਾਬ ਪੂਰਾ ਆਉਣਾ ਚਾਹੀਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਸਿਲਟ ਬਿਲਕੁਲ ਵਿਚ ਨਹੀਂ ਪੈਂਦੀ । ਸਪੀਕਰ ਸਾਹਿਬ, ਇਸ ਦੇ ਦੋਹਾਂ ਸਾਈਡਾਂ ਤੋਂ ਕਿਨਾਰੇ ਪੱਕੇ ਕਰ ਦਿੱਤੇ ਗਏ ਹਨ, ਦੋਹਾਂ ਸਾਈਡਾਂ ਤੋਂ ਬਿਲਕੁਲ ਪੱਕੀ ਹੋਈ ਹੈ। ਇਨ੍ਹਾਂ ਕੋਲ ਗਲਤ ਇਨਫਰਮੇਸ਼ਨ ਹੈ।

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਇਨ੍ਹਾਂ ਦੋਨਾਂ ਡਿਪਾਰਟਮੈਂਟ ਦੀ ਕੋਆਰਡੀਨੇਸ਼ਨ ਹੋਣੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਨਹੀਂ, ਪਾਂਡੇ ਸਾਹਿਬ, ਨਹਿਰ ਤਾਂ ਪੱਕੀ ਹੈ।

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਜੇ ਇਹ ਨਹਿਰ ਤੋੜਦੇ ਹਨ ਤਾਂ

ਕੀ ਇਨ੍ਹਾਂ ਨੇ ਨਹਿਰੀ ਵਿਭਾਗ ਤੋਂ ਪਰਮਿਸ਼ਨ ਲਈ ਸੀ ਜਾਂ ਨਹੀਂ?

**ਮਾਨਯੋਗ ਸਪੀਕਰ :** ਤੁਸੀਂ ਇਹ ਦੱਸੋ ਤੁਸੀਂ ਕਿਥੋਂ ਪ੍ਰਭਾਵਿਤ ਹੋ? (ਵਿਘਨ)

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਉਥੇ ਸਾਡੀ ਆਪਣੀ ਰਿਹਾਇਸ਼ ਹੈ, ਉਥੇ ਬਹੁਤ ਬੁਰੀ ਹਾਲਤ ਹੈ..(ਵਿਘਨ)

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜਾ ਪ੍ਰਾਜੈਕਟ ਹੈ, ਇਹ ਸਾਡੇ ਡਿਪਟੀ ਸੀ.ਐਮ.ਸਾਹਿਬ ਨੇ ਬੜੇ ਉਪਰਾਲੇ ਕਰਕੇ ਸ਼ੁਰੂ ਕੀਤਾ ਸੀ, (ਵਿਘਨ) ਇਹ ਜਿਹੜੀ ਗੱਲ ਬੇਅੰਤ ਸਿੰਘ ਵੇਲੇ ਦੀ ਕਰਦੇ ਹਨ, ਇਹ ਬਿਲਕੁਲ ਝੂਠ ਹੈ। ਇਹ ਸਾਡੇ ਡਿਪਟੀ ਸੀ.ਐਮ.ਸਾਹਿਬ ਨੇ ਸ਼ੁਰੂ ਕੀਤਾ ਸੀ ਅਤੇ ਇਸ ਦਾ 92% ਕੰਮ ਹੋ ਗਿਆ ਹੈ ਅਤੇ ਇਹ ਜੂਨ ਵਿੱਚ ਕੰਪਲੀਟ ਕਰ ਦੇਵਾਂਗੇ। ਤੁਹਾਡੇ ਕੋਲੋਂ ਕੀ ਹੋਇਆ ਹੈ, ਕੁਝ ਵੀ ਨਹੀਂ ?

**ਸ਼੍ਰੀ ਰਾਕੇਸ਼ ਪਾਂਡੇ :** ਅਸੀਂ ਤੁਹਾਡੇ ਵਾਂਗ ਉਸ ਨੂੰ ਏਨਾ ਨਹੀਂ ਸੀ ਭਰਿਆ। ਉਸ ਨੂੰ ਨਾਲ ਦੀ ਨਾਲ ਸਾਫ ਕੀਤਾ ਸੀ..(ਵਿਘਨ)

**Mr Speaker :** Pandey ji, please sit down.

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਦੱਖਣੀ ਬਾਈਪਾਸ ਪ੍ਰਾਜੈਕਟ ਤੇ ਜਿਹੜੀ ਧੂਰੀ ਰੇਲਵੇ ਲਾਈਨ ਹੈ, ਇਸ ਦੇ ਥੱਲੇ ਮਾਨਯੋਗ ਹਾਈ ਕੋਰਟ ਨੇ ਆਰ.ਯੂ.ਬੀ. (ਰੇਲਵੇ ਅੰਡਰ ਬ੍ਰਿਜ਼) ਬਣਾਉਣ ਵਾਸਤੇ ਹੁਕਮ ਜਾਰੀ ਕੀਤੇ ਹਨ। ਕਿਰਪਾ ਕਰਕੇ ਇਹ ਦੱਸਣ ਦੀ ਖੇਚਲ ਕਰੋ ਕਿ ਇਹ ਆਰ.ਯੂ.ਬੀ. ਕਦੋਂ ਤੱਕ ਕੰਪਲੀਟ ਕਰ ਦੇਣਗੇ?

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਇਸ ਨਾਲ ਰਿਲੇਟਿਡ ਨਹੀਂ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਇਹ ਸੇਮ ਕੁਐਸਚਨ ਹੈ। ਫੇਰ ਮੰਤਰੀ ਜੀ ਇਹ ਦੱਸ ਦੇਣ ਕਿ ਇਹ ਪ੍ਰਾਜੈਕਟ ਕਦੋਂ ਕੰਪਲੀਟ ਹੋਵੇਗਾ।

**ਮੰਤਰੀ :** ਸਪੀਕਰ ਸਾਹਿਬ, ਇਸ ਦੀਆਂ ਡਰਾਇੰਗਾਂ ਬਹੁਤ ਲੇਟ ਮਿਲੀਆਂ ਸਨ ਜਿਸ ਕਾਰਨ ਇਹ ਲੇਟ ਹੋਇਆ ਹੈ। ਮੈਂ ਹੁਣੇ ਦੱਸਿਆ ਹੈ ਕਿ ਜੂਨ, 2015 ਵਿੱਚ ਇਹ ਕੰਪਲੀਟ ਹੋ ਜਾਵੇਗਾ ਅਤੇ ਆਰ.ਯੂ.ਬੀ. ਵੀ ਕੰਪਲੀਟ ਹੋ ਜਾਵੇਗਾ।

----

## ਹੁਸ਼ਿਆਰਪੁਰ ਵਿਖੇ ਟਰਸ਼ਰੀ ਕੇਅਰ ਕੈਂਸਰ ਯੂਨਿਟ ਬਣਾਉਣਾ

***1745. ਸ਼੍ਰੀ ਸੁੰਦਰ ਸ਼ਾਮ ਅਰੋੜਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹੁਸ਼ਿਆਰਪੁਰ ਵਿਖੇ ਬਣਨ ਵਾਲੇ ਟਰਸ਼ਰੀ ਕੇਅਰ ਕੈਂਸਰ ਯੂਨਿਟ ਉਪਰ ਕਿੰਨੀ ਲਾਗਤ ਆਉਣੀ ਹੈ, ਉਸ ਨੂੰ ਬਣਾਉਣ ਲਈ ਰਾਜ ਸਰਕਾਰ ਦਾ ਕਿੰਨਾ ਸ਼ੇਅਰ ਹੈ ਅਤੇ ਉਕਤ ਕੈਂਸਰ ਯੂਨਿਟ ਵਾਸਤੇ ਹੁਣ ਤੱਕ ਕਿੰਨੀ ਗਰਾਂਟ ਜਾਰੀ ਕੀਤੀ ਜਾ ਚੁੱਕੀ ਹੈ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ, ਹੁਸ਼ਿਆਰਪੁਰ ਵਿਖੇ ਬਣਨ ਵਾਲੇ ਟਰਸ਼ਰੀ ਕੈਂਸਰ ਕੇਅਰ ਯੂਨਿਟ ਉਪਰ 45 ਕਰੋੜ ਦੀ ਲਾਗਤ ਆਉਣੀ ਹੈ ਜਿਸ ਵਿੱਚੋਂ 75% ਗਰਾਂਟ ਭਾਰਤ ਸਰਕਾਰ ਅਤੇ 25% ਗਰਾਂਟ ਰਾਜ ਸਰਕਾਰ ਵੱਲੋਂ ਜਾਰੀ ਕੀਤੀ ਜਾਣੀ ਹੈ। ਹੁਣ ਤੱਕ ਕੋਈ ਵੀ ਗਰਾਂਟ ਜਾਰੀ ਨਹੀਂ ਕੀਤੀ ਗਈ ਹੈ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਸਾਲ ਹੋ ਗਿਆ ਹੈ ਪਰ ਹਾਲੇ ਤੱਕ ਗ੍ਰਾਂਟ ਕਿਉਂ ਜਾਰੀ ਨਹੀਂ ਕੀਤੀ ਗਈ?

**ਮੰਤਰੀ :** ਸਪੀਕਰ ਸਾਹਿਬ, ਨਕਸ਼ੇ ਵਗੈਰਾ ਠੀਕ ਨਹੀਂ ਸੀ, ਉਨ੍ਹਾਂ ਤੇ ਇਤਰਾਜ਼ ਲੱਗ ਗਿਆ ਸੀ। ਉਹ ਇਤਰਾਜ਼ ਦੂਰ ਕਰਕੇ ਅਗਲੇ ਸਾਲ ਤੱਕ ਇਹ ਬਣ ਕੇ ਕੰਪਲੀਟ ਹੋ ਜਾਵੇਗਾ। ਇਸ ਵਿੱਚ ਫਾਜ਼ਿਲਕਾ ਵੀ ਹੈ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਪੀਕਰ ਸਾਹਿਬ, ਉਥੇ ਕੰਮ ਬਿਲਕੁਲ ਕੰਪਲੀਟ ਹੈ। ਰਾਜ ਸਰਕਾਰ ਵੱਲੋਂ ਜਿਹੜਾ 25% ਸ਼ੇਅਰ ਪਾਇਆ ਜਾਣਾ ਹੈ, ਉਸ ਤੋਂ ਬਾਅਦ ਹੀ ਗ੍ਰਾਂਟ ਆਉਣੀ ਹੈ। ਜਿੰਨੀ ਦੇਰ ਤੱਕ ਮੰਤਰੀ ਜੀ ਤੁਸੀਂ 25% ਸ਼ੇਅਰ ਦਾ ਹਿੱਸਾ ਨਹੀਂ ਦੇਣਾ, ਉਤਨੀ ਦੇਰ ਤੱਕ ਉਹ ਹਸਪਤਾਲ ਚਾਲੂ ਨਹੀਂ ਹੋਣਾ। ਤੁਹਾਡੇ ਨਕਸ਼ੇ ਸਾਰੇ ਹੀ ਠੀਕ ਹਨ। ਇਨ੍ਹਾਂ ਦੀ ਕੋਈ ਪ੍ਰਾਬਲਮ ਨਹੀਂ ਹੈ।

**ਮਾਨਯੋਗ ਸਪੀਕਰ :** ਤੁਸੀਂ ਸਪਲੀਮੈਂਟਰੀ ਕਰੋ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ

ਇਹ ਹੈ ਕਿ ਇਹ ਦੱਸ ਦੇਣ ਇਹ ਹਸਪਤਾਲ ਕਦੋਂ ਤੱਕ ਸ਼ੁਰੂ ਹੋ ਜਾਵੇਗਾ?

**ਮੰਤਰੀ :** ਸਪੀਕਰ ਸਾਹਿਬ, ਇਹ ਹਸਪਤਾਲ ਅਗਲੇ ਸਾਲ ਕੰਪਲੀਟ ਹੋ ਜਾਵੇਗਾ।

--------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1676***

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

-------

**ਹਲਕਾ ਮੁਹਾਲੀ ਵਿੱਚ ਕਮਿਊਨਿਟੀ ਸੈਂਟਰ ਬਣਾਉਣਾ**

***1700. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਜ਼ਿਲ੍ਹਾ ਮੁਹਾਲੀ ਵਿੱਚ ਪੈਂਦੇ ਪਿੰਡ ਝਿਊਰਹੇੜੀ ਵਿਚ ਕੋਈ ਕਮਿਊਨਿਟੀ ਸੈਂਟਰ ਬਣਾਇਆ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਪੂਰਾ ਨਾ ਕਰਨ ਦੇ ਕੀ ਕਾਰਨ ਹਨ ਅਤੇ ਇਸ ਦੀ ਉਸਾਰੀ ਕਿਸ ਅਦਾਰੇ ਦੇ ਅਧੀਨ ਹੋ ਰਹੀ ਹੈ;

(ਅ) ਉਪਰੋਕਤ ਕਮਿਊਨਿਟੀ ਸੈਂਟਰ ਤੇ ਹੁਣ ਤੱਕ ਕਿੰਨਾ ਪੈਸਾ ਖਰਚ ਕੀਤਾ ਗਿਆ ਹੈ ਅਤੇ ਇਸ ਦੇ ਰੱਖ ਰਖਾਵ ਦੀ ਜ਼ਿੰਮੇਵਾਰੀ ਕਿਸ ਦੀ ਹੈ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ, (ੳ) ਹਾਂ ਜੀ, ਇਮਾਰਤ ਦਾ ਕੰਮ ਮੁਕੰਮਲ ਹੈ ਪਰ ਰਹਿੰਦੀ ਚਾਰ ਦੀਵਾਰੀ ਅਤੇ ਆਲੇ-ਦੁਆਲੇ ਦੀ ਮਿੱਟੀ ਦੀ ਭਰਤ ਦਾ ਕੰਮ ਕਰਵਾਉਣ ਲਈ ਵਿਭਾਗ ਪਾਸ ਫੰਡਜ਼ ਉਪਲਬਧ ਨਾ ਹੋਣ ਕਾਰਨ ਇਹ ਕੰਮ ਨਹੀਂ ਕੀਤਾ ਗਿਆ ਹੈ। ਇਹ ਕੰਮ ਪੰਚਾਇਤੀ ਰਾਜ, ਇੰਜੀਨੀਅਰਿੰਗ ਵਿੰਗ ਰਾਹੀਂ ਕਰਵਾਇਆ ਗਿਆ ਹੈ।

(ਅ) ਹੁਣ ਤੱਕ ਕਮਿਊਨਿਟੀ ਸੈਂਟਰ ਦੀ ਉਸਾਰੀ ਤੇ 82.83 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਅਤੇ ਇਸ ਦੀ ਰੱਖ-ਰਖਾਵ ਦੀ ਜ਼ਿੰਮੇਵਾਰੀ ਸਬੰਧਿਤ ਪੰਚਾਇਤ ਦੀ ਹੈ।

*For Starred Question No. 1676 and reply thereto, please see appendix to this Debates.

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤਕਰੀਬਨ 5 ਸਾਲ ਤੋਂ ਇਹ ਕਮਿਊਨਿਟੀ ਸੈਂਟਰ ਬਣ ਰਿਹਾ ਹੈ। ਇਹ ਕਮਿਊਨਿਟੀ ਸੈਂਟਰ ਜਦੋਂ ਬਣਨ ਲੱਗਿਆ ਸੀ, ਉਸ ਵਕਤ ਪੰਚਾਇਤ ਦੀ 54 ਏਕੜ ਜ਼ਮੀਨ ਜਿਹੜੀ ਕਿ ਤਕਰੀਬਨ 80 ਕਰੋੜ ਰੁਪਏ ਦੀ ਸੀ, ਏਅਰਪੋਰਟ ਬਣਨ ਵਾਸਤੇ ਐਕੁਆਇਰ ਹੋਈ ਸੀ। ਇਨ੍ਹਾਂ ਨੇ ਕਿਹਾ ਹੈ ਕਿ ਪੰਚਾਇਤ ਕੋਲ ਪੈਸਿਆਂ ਦੀ ਕਮੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 54 ਏਕੜ ਦਾ 80 ਕਰੋੜ ਰੁਪਿਆ ਆਇਆ ਸੀ ਅਤੇ ਇਸ ਕਮਿਊਨਿਟੀ ਸੈਂਟਰ ਤੇ 82.23 ਕਰੋੜ ਰੁਪਏ ਦਾ ਖਰਚਾ ਆਇਆ ਹੈ। ਇਹ ਉਸ 80 ਕਰੋੜ ਰੁਪਏ ਦਾ ਹਿਸਾਬ ਕਿਤਾਬ ਦੇ ਦੇਣ ਕਿ ਉਹ ਕਿੱਥੇ ਗਿਆ? ਇਹ ਵੀ ਦੱਸਿਆ ਜਾਵੇ ਕਿ ਇਹ ਕਦੋਂ ਤੱਕ ਮੁਕੰਮਲ ਹੋਵੇਗਾ? ਕੀ ਇਸ ਸਬੰਧੀ ਇਹ ਡੇਟ ਬਾਊਂਡ ਕਰਨਗੇ, ਇਸ ਦੀ ਮੰਤਰੀ ਜੀ ਐਸ਼ੋਰੈਂਸ ਦੇਣ।

**ਮੰਤਰੀ :** ਸਪੀਕਰ ਸਾਹਿਬ, ਇਸ ਵਿੱਚ ਮਿੱਟੀ ਪਾਉਣ ਦਾ ਜਿਹੜਾ ਕੰਮ ਸੀ, ਉਸ ਦੀ ਥੋੜ੍ਹੀ ਜਿਹੀ ਪ੍ਰਾਬਲਮ ਸੀ। ਕਿਉਂਕਿ ਮਿੱਟੀ ਵੈਸੇ ਹੀ ਪੰਚਾਇਤ ਨੇ ਪਾਉਣੀ ਹੁੰਦੀ ਹੈ। ਉਨ੍ਹਾਂ ਨੇ ਕੇਸ ਭੇਜਿਆ ਹੈ ਕਿ ਸਾਨੂੰ ਇਸ ਵਿਚ ਭਰਤ ਪਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ, ਉਹ ਕਿਉਂਕਿ ਇੰਨਾ ਵੱਡਾ ਕਮਿਊਨਿਟੀ ਸੈਂਟਰ ਬਣਾਇਆ ਹੈ, ਜੇ ਪੰਚਾਇਤ ਆਪਣੇ ਲੈਵਲ ਤੇ ਮਿੱਟੀ ਮੁਫ਼ਤ ਵਿੱਚ ਨਹੀਂ ਵੀ ਪਾ ਸਕਦੀ ਤਾਂ ਅਸੀਂ ਉਸ ਦੀ ਪ੍ਰਵਾਨਗੀ ਵੀ ਦੇ ਦਿਆਂਗੇ। ਇਨ੍ਹਾਂ ਦੀ ਚਾਰ ਦੀਵਾਰੀ ਦਾ ਜਿਹੜਾ ਕੰਮ ਹੈ, ਉਹ 31 ਮਾਰਚ ਤੱਕ ਸਾਰਾ ਮੁਕੰਮਲ ਕਰ ਦਿਆਂਗੇ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੰਤਰੀ ਜੀ ਜੋ ਕਹਿੰਦੇ ਹਨ ਕਿ ਇਹ ਕੰਮ 31 ਮਾਰਚ ਤੱਕ ਹੋ ਜਾਵੇਗਾ, ਇਸ ਸਬੰਧ ਵਿੱਚ ਤੁਸੀਂ ਇੱਕ ਕਮੇਟੀ ਜ਼ਰੂਰ ਕੰਸਟੀਚਿਊਟ ਕਰ ਦਿਉ ਕਿਉਂਕਿ ਉਹ ਇਮਾਰਤ ਖੰਡਰ ਬਣ ਚੁੱਕੀ ਹੈ। ਉਹ ਇਮਾਰਤ ਗਰੀਬ ਲੋਕਾਂ ਦੇ ਵਿਆਹਾਂ ਸ਼ਾਦੀਆਂ ਦੇ ਮੌਕੇ ਕੰਮ ਆਉਣੀ ਸੀ ਪਰ ਅੱਜ ਉਥੇ ਇਮਾਰਤ ਨਾਂ ਦੀ ਕੋਈ ਚੀਜ਼ ਨਹੀਂ ਹੈ। ਜੇ ਤੁਸੀਂ ਦੇਖੋ ਕਿ ਉਥੇ ਇੰਨਾ ਬੁਰਾ ਹਾਲ ਹੈ ਕਿ ਜੇਕਰ 82 ਲੱਖ ਦੀ ਬਜਾਏ 82 ਹਜ਼ਾਰ ਵੀ ਲੱਗਿਆ ਨਹੀਂ ਲੱਗਦਾ। ਮੇਰਾ ਕਹਿਣ ਦਾ ਮਤਲਬ ਹੈ..

**ਮਾਨਯੋਗ ਸਪੀਕਰ :** ਮੰਤਰੀ ਜੀ ਨੇ ਕਹਿ ਦਿੱਤਾ ਹੈ ਕਿ ਮੁਕੰਮਲ ਕਰ

ਦਿਆਂਗੇ ਅਤੇ ਐਸ਼ੋਰੈਂਸ ਵੀ ਦੇ ਦਿੱਤੀ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਉਸ ਦੀ ਇਨਕੁਆਇਰੀ ਕਰਵਾਈ ਜਾਵੇ। ਕੀ ਇਹ ਇਨਕੁਆਇਰੀ ਕਰਵਾਉਣਗੇ?

**ਮੰਤਰੀ :** ਸਪੀਕਰ ਸਾਹਿਬ, ਵੈਸੇ ਮੈਂਬਰ ਸਾਹਿਬ ਇਹ ਗੱਲ ਬਿਲਕੁਲ ਗਲਤ ਕਹਿੰਦੇ ਹਨ ਕਿ ਇਮਾਰਤ ਖੰਡਰ ਬਣ ਚੁੱਕੀ ਹੈ। ਇਹ ਠੀਕ ਹੈ ਕਿ ਇਮਾਰਤ ਬਣਨ ਵਿੱਚ ਥੋੜ੍ਹਾ ਜਿਹੜਾ ਟਾਈਮ ਲੱਗਿਆ ਹੈ। ਮੈਂ ਇਨ੍ਹਾਂ ਦੇ ਨਾਲ ਚੱਲ ਕੇ, ਅਸੀਂ ਦੋਵੇਂ ਸਾਂਝੀ ਵਿਜ਼ਿਟ ਕਰ ਲਵਾਂਗੇ, ਜੇ ਕੋਈ ਇਨਕੁਆਇਰੀ ਕਰਵਾਉਣ ਦੀ ਲੋੜ ਪਈ, ਉਹ ਵੀ ਕਰਵਾ ਲਵਾਂਗੇ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੇਰਾ ਇਨ੍ਹਾਂ ਦੇ ਨਾਲ ਟਾਈਮ ਫਿਕਸ ਕਰਵਾ ਦਿਉ।

**ਮਾਨਯੋਗ ਸਪੀਕਰ :** ਤੁਸੀਂ ਬੈਠੋ। ਹਾਂ ਜੀ, ਝੂੰਦਾਂ ਸਾਹਿਬ ਜੀ।

----

## ਮਿਉਂਸਿਪਲ ਕਮੇਟੀਆਂ ਵਿਚ ਮੁਲਾਜ਼ਮਾਂ ਦੀ ਗਿਣਤੀ ਵਿਚ ਇਕਸਾਰਤਾ ਲਿਆਉਣੀ

***1640. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਵੱਡੀਆਂ ਛੋਟੀਆਂ ਮਿਉਂਸਿਪਲ ਕਮੇਟੀਆਂ ਵਿਚ ਮੁਲਾਜ਼ਮਾਂ ਦੀ ਗਿਣਤੀ ਕਮੇਟੀਆਂ ਦੇ ਕੰਮ ਅਨੁਸਾਰ ਤੈਅ ਕਰਨ ਅਤੇ ਕਮੇਟੀਆਂ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮੁਲਾਜ਼ਮਾਂ ਦੀ ਕਮੇਟੀਆਂ ਵਿੱਚ ਇਕਸਾਰਤਾ ਲਿਆਉਣ ਲਈ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਅਨਿਲ ਜੋਸ਼ੀ :** ਅਜਿਹੀ ਕੋਈ ਯੋਜਨਾ ਨਹੀਂ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਬਹੁਤ ਸਾਰੀਆਂ ਮਿਊਂਸਿਪੈਲਟੀਆਂ ਵਿੱਚ ਅਬਾਦੀ ਦੇ ਲਿਹਾਜ਼ ਨਾਲ ਭਰਤੀ ਬਹੁਤ ਜ਼ਿਆਦਾ ਹੋਈ ਪਈ ਹੈ। ਮੈਂ ਇੱਕ ਮਿੰਟ ਵਿੱਚ ਤਿੰਨ ਮਿਊਂਸਿਪੈਲਟੀਆਂ ਦਾ ਵੇਰਵਾ ਦੇਣਾ ਚਾਹੁੰਦਾ ਹਾਂ। ਸਾਡੀ ਅਹਿਮਦਗੜ੍ਹ ਮਿਊਂਸਿਪੈਲਟੀ ਵਿੱਚ 25 ਸੇਵਾਦਾਰ ਤੇ

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਚੌਕੀਦਾਰ ਹਨ। ਧੂਰੀ ਦੀ ਅਬਾਦੀ ਅਹਿਮਦਗੜ੍ਹ ਨਾਲੋਂ ਦੁੱਗਣੀ ਹੈ, ਉਥੇ ਸਿਰਫ ਦੋ ਪੀਅਨ ਅਤੇ ਇੱਕ ਚੌਕੀਦਾਰ ਹੈ, ਤਿੰਨ ਵਿਅਕਤੀ ਟੋਟਲ ਹਨ। ਸਾਡੇ ਕੋਲ 25 ਵਿਅਕਤੀ ਹਨ, ਭਾਵੇਂ ਕਿ ਸਾਡੀ ਅਬਾਦੀ ਧੂਰੀ ਨਾਲੋਂ ਅੱਧੀ ਹੈ। ਮਲੇਰਕੋਟਲੇ ਵਿੱਚ 17 ਪੋਸਟਾਂ ਹਨ ਜਿਹੜਾ ਕਿ ਸਾਡੇ ਨਾਲੋਂ ਚਾਰ ਗੁਣਾਂ ਵੱਡਾ ਸ਼ਹਿਰ ਹੈ। ਮੈਂ ਜਨਰਲ ਜਿਹਾ ਵੇਰਵਾ ਦਿੱਤਾ ਹੈ। ਸੋ, ਕੀ ਸਰਕਾਰ ਦੇ ਕੋਈ ਐਸੇ ਨਿਯਮ ਹਨ ਜਿਨ੍ਹਾਂ ਵਿੱਚ ਇਹ ਤੈਅ ਕੀਤਾ ਜਾਂਦਾ ਹੋਵੇ ਕਿ ਅਬਾਦੀ ਦੇ ਅਨੁਸਾਰ ਇਨ੍ਹਾਂ ਪੋਸਟਾਂ ਦੀ ਗਿਣਤੀ ਤੈਅ ਕੀਤੀ ਜਾਂਦੀ ਹੈ, ਜੇ ਐਸੇ ਨਿਯਮ ਹਨ ਤਾਂ ਉਹ ਲਾਗੂ ਕਿਉਂ ਨਹੀਂ ਹੋਏ? ਜੇ ਅਜਿਹੇ ਨਿਯਮ ਨਹੀਂ ਹਨ ਤਾਂ ਕੀ ਮੰਤਰੀ ਜੀ ਕੋਈ ਐਸਾ ਪ੍ਰਾਵਧਾਨ ਕਰਨਗੇ ਕਿ ਅਬਾਦੀ ਦੇ ਲਿਹਾਜ਼ ਨਾਲ ਪੋਸਟਾਂ ਦੀ ਗਿਣਤੀ ਤੈਅ ਕੀਤੀ ਜਾਵੇ ਕਿਉਂਕਿ ਜਿੰਨਾ ਕੁ ਵੈਟ ਆਉਂਦਾ ਹੈ, ਸਾਡਾ ਉਸ ਤੋਂ ਵੀ ਵੱਧ ਪੈਸਾ ਤਨਖਾਹਾਂ ਵਿੱਚ ਲੰਘ ਜਾਂਦਾ ਹੈ, ਉਸ ਵਿੱਚੋਂ ਅਸੀਂ ਇੱਕ ਗਲੀ-ਨਾਲੀ ਵੀ ਬਣਾਉਣ ਦੇ ਸਮਰੱਥ ਨਹੀਂ ਹਾਂ। ਕੀ ਕੋਈ ਐਸੀ ਯੋਜਨਾ ਮੰਤਰੀ ਜੀ ਭਵਿੱਖ ਵਿੱਚ ਲਿਆਉਣਗੇ ਜਿਸ ਨਾਲ ਕਮੇਟੀ ਦੇ ਮੁਲਾਜ਼ਮਾਂ ਵਿਚ ਇਕਸਾਰਤਾ ਲਿਆਂਦੀ ਜਾਵੇ ਤਾਂ ਕਿ ਕਮੇਟੀਆਂ ਦਾ ਕੰਮ ਉਸਾਰੂ ਢੰਗ ਨਾਲ ਚੱਲ ਸਕੇ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਸਾਲ ਪਹਿਲਾਂ ਇੱਕ ਮੀਟਿੰਗ ਹੋਈ ਸੀ, ਉਸ ਵਿੱਚ ਵੀ ਫੈਸਲਾ ਕੀਤਾ ਸੀ ਪਰ ਕਿਉਂਕਿ ਇਹ ਜਿਹੜੀਆਂ ਪੋਸਟਾਂ ਹਨ, ਲੋਕਲ ਲੈਵਲ ਦੇ ਉਤੇ ਹੀ ਲੋਕਲ ਬਾਡੀਜ਼ ਵਾਲੇ ਰੱਖਦੇ ਹਨ, ਕਈ ਵਾਰੀ ਪੁਲੀਟੀਕਲ ਇੰਟਰਫੀਅਰੈਂਸ ਨਾਲ ਵੀ ਮੁਲਾਜ਼ਮ ਰੱਖੇ ਜਾਂਦੇ ਹਨ ਜਾਂ ਐਜੀਟੇਸ਼ਨ ਕਰਕੇ ਪੱਕੇ ਹੋ ਜਾਂਦੇ ਹਨ। ਇਸ ਕਰਕੇ ਅਸੀਂ ਪਿਛੇ ਜਿਹੇ ਜਿਹੜੀਆਂ ਨਾਨ ਪ੍ਰੋਵਿੰਸਲਾਈਜ ਪੋਸਟਾਂ ਸੀ, ਉਨ੍ਹਾਂ ਨੂੰ ਪ੍ਰੋਵਿੰਸਲਾਈਜ਼ ਕੀਤਾ ਹੈ, ਫਿਰ ਉਸ ਤੋਂ ਬਾਅਦ ਚਾਰ ਚੁਫੇਰੇ ਬੜੀ ਐਜੀਟੇਸ਼ਨ ਹੋਈ। ਫਿਰ ਅਸੀਂ ਉਸ ਤੋਂ ਬਾਅਦ ਉਹ ਫੈਸਲਾ ਵਾਪਸ ਲਿਆ। ਬਾਕੀ ਇਹ ਹੈ ਕਿ ਅਸੀਂ ਡਿਪਟੀ ਡਾਇਰੈਕਟਰਜ਼ ਨੂੰ ਕਿਹਾ ਹੋਇਆ ਹੈ ਕਿ ਇਨ੍ਹਾਂ ਨੂੰ ਥੋੜ੍ਹਾ ਜਿਹਾ ਆਪਸ ਵਿੱਚ ਇਕਸਾਰ ਕਰਕੇ ਜੇਕਰ ਉਸੇ ਜ਼ੋਨ ਵਿੱਚ ਅਦਲਾ ਬਦਲੀ ਸੰਭਵ ਹੋ ਸਕੇ ਤਾਂ ਜ਼ਰੂਰ ਕਰਨ, ਅਸੀਂ ਅਜਿਹਾ ਕਰਨ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਰ, ਕੋਸ਼ਿਸ਼ ਵਾਲੀ ਗੱਲ ਨਹੀਂ ਹੈ। ਇਹ ਦੱਸਣ ਕਿ ਇਸ ਨੂੰ ਕਦੋਂ ਤੱਕ ਇੰਪਲੀਮੈਂਟ ਕਰਨਗੇ ਤਾਂ ਕਿ ਇਸ ਵਿੱਚ

ਥੋੜ੍ਹੀ ਬਹੁਤੀ ਇਕਸਾਰਤਾ ਤਾਂ ਹੋਵੇ ਜਿਸ ਦੇ ਨਾਲ ਕੁਝ ਨਾ ਕੁਝ ਮਸਲੇ ਦਾ ਹੱਲ ਹੋ ਸਕੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਇਸ ਸਬੰਧੀ ਕੋਈ ਕਾਨੂੰਨ ਲਿਆਉਣ ਜਿਸ ਨਾਲ ਇਸ ਮਸਲੇ ਦਾ ਪਰਮਾਨੈਂਟ ਕੋਈ ਹੱਲ ਹੋ ਸਕੇ। ਅਸੀਂ ਇਹ ਕਹਿ ਕੇ ਖਹਿੜਾ ਨਹੀਂ ਛੁਡਾ ਸਕਦੇ ਕਿ ਇਹ ਪੁਲੀਟੀਕਲ ਪ੍ਰੈਸ਼ਰ ਨਾਲ ਭਰਤੀ ਹੋ ਜਾਂਦੇ ਹਨ ਜਾਂ ਪ੍ਰਧਾਨ ਵੱਲੋਂ ਰੱਖ ਲਏ ਜਾਂਦੇ ਹਨ। ਇਸ ਵਾਸਤੇ ਕੋਈ ਅਜਿਹੇ ਨਿਯਮ ਤੈਅ ਹੋਣ ਜਿਸ ਨਾਲ ਪ੍ਰਧਾਨ ਵੀ ਮੁਲਾਜ਼ਮ ਰੱਖਣ ਦੇ ਸਮਰੱਥ ਨਾ ਹੋਵੇ, ਕੋਈ ਕਮੇਟੀ ਵੀ ਰੱਖਣ ਦੇ ਸਮਰੱਥ ਨਾ ਹੋਵੇ। ਅਬਾਦੀ ਦੇ ਮੁਤਾਬਕ ਪੋਸਟਾਂ ਦੀ ਗਿਣਤੀ ਤੈਅ ਕਰਨ । ਮੇਰਾ ਤਾਂ ਇਹ ਸਵਾਲ ਹੈ ਕਿ ਅਬਾਦੀ ਮੁਤਾਬਕ ਮਿਉਂਸਿਪੈਲਟੀਆਂ ਵਿੱਚ ਪੋਸਟਾਂ ਦੀ ਗਿਣਤੀ ਤੈਅ ਕੀਤੀ ਜਾਇਆ ਕਰੇ। ਕੀ ਅਜਿਹਾ ਕਰਨਗੇ?

**ਮਾਨਯੋਗ ਸਪੀਕਰ :** ਇਨ੍ਹਾਂ ਦਾ ਪ੍ਰਸ਼ਨ ਇਹੀ ਸੀ ਕਿ ਅਬਾਦੀ ਦੇ ਅਨੁਸਾਰ ਪੋਸਟਾਂ ਰੱਖੀਆਂ ਜਾਇਆ ਕਰਨ।

**ਮੰਤਰੀ :** ਸਪੀਕਰ ਸਾਹਿਬ, ਅੱਗੇ ਤੋਂ ਕੋਈ ਮੁਲਾਜ਼ਮ ਰੱਖ ਹੀ ਨਹੀਂ ਰਹੇ ਕਿਉਂਕਿ ਜਿਹੜੀਆਂ ਕਮੇਟੀਆਂ ਹਨ, ਉਨ੍ਹਾਂ ਦੀ ਆਮਦਨ ਜ਼ਿਆਦਾ ਨਹੀਂ ਹੈ, ਲੋਕਲ ਬਾਡੀਜ਼ ਆਪ ਤਨਖਾਹਾਂ ਦੇ ਰਹੀਆਂ ਹਨ। ਮੇਰੇ ਕੋਲ ਕਈ ਆਉਂਦੇ ਹਨ ਜੋ ਕਹਿੰਦੇ ਹਨ ਕਿ ਸਾਡੇ ਕੋਲੋਂ ਆਹ ਮੁਲਾਜ਼ਮ ਲੈ ਜਾਵੋ, ਸਾਡੇ ਕੋਲ ਤਨਖਾਹ ਦੇਣ ਨੂੰ ਪੈਸੇ ਨਹੀਂ ਹਨ। ਇਸ ਕਰਕੇ ਅੱਗੇ ਤੋਂ ਕੋਈ ਮੁਲਾਜ਼ਮ ਨਹੀਂ ਰੱਖ ਰਹੇ, ਜਿਹੜੇ ਪਹਿਲੇ ਰੱਖੇ ਹੋਏ ਬੰਦੇ ਹਨ, ਉਨ੍ਹਾਂ ਦੀ ਸੱਜੇ ਖੱਬੇ ਕਰਕੇ ਐਡਜਸਟਮੈਂਟ ਹੋ ਸਕਦੀ ਹੈ, ਉਹ ਵੀ ਕਾਨੂੰਨ ਤਾਂ ਕੋਈ ਨਹੀਂ ਹੈ, ਵੈਸੇ ਅਸੀਂ ਕਰਾਂਗੇ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਬਹੁਤ ਹੀ ਅਹਿਮ ਮਸਲਾ ਸਾਡੇ ਕੁਲੀਗ ਸ਼੍ਰੀ ਝੂੰਦਾਂ ਸਾਹਿਬ ਨੇ ਉਠਾਇਆ ਹੈ। ਇਹ ਇੰਪਲਾਈਜ਼ ਨਾਲ ਸਬੰਧਿਤ ਗੱਲ ਹੈ। ਸਤਿਕਾਰਯੋਗ ਮੰਤਰੀ ਜੀ ਨੇ ਆਪਣੀ ਮਜਬੂਰੀ ਜ਼ਾਹਰ ਕੀਤੀ ਹੈ। Infact he has stated a harsh fact. ਮੈਂ ਸੀ.ਐਮ. ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਕਿਹਾ ਹੈ ਕਿ ਮਿਉਂਸਿਪੈਲਟੀਆਂ ਦੀਆਂ ਇਨਕਮਜ਼ ਹੈ ਨਹੀਂ they are already over staffed ਉਹ ਕਹਿੰਦੇ ਸਾਡੇ ਕੋਲੋਂ ਸਟਾਫ ਲੈ ਜਾਓ, there is so much redundant staff. ਪਰ ਸਪੀਕਰ ਸਾਹਿਬ, ਮੇਰਾ ਸਵਾਲ ਮੰਤਰੀ ਜੀ ਨੂੰ ਇਹ ਹੈ ਕਿ there

[ ਸ਼੍ਰੀ ਸੁਨੀਲ ਜਾਖੜ ]

are certain specialized services, for instance fire fighting. ਸਪੀਕਰ ਸਾਹਿਬ, ਮੈਨੂੰ ਫਾਇਰ ਇੰਜਣ ਵਾਸਤੇ ਪੰਜ ਸਾਲ ਜੱਦੋ ਜਹਿਦ ਕਰਨ ਤੋਂ ਬਾਅਦ ਹਾਈ ਕੋਰਟ ਵਿਚ ਜਾ ਕੇ under my own name. I had to file a P.I.L in the High Court and the Hon'ble Judge was kind enough to pass an order in this regard. ਸਪੀਕਰ ਸਾਹਿਬ, ਟਰੈਜ਼ਡੀ ਦੇਖੋ ਕਿ ਡਿਜਾਸਟਰ ਮੈਨੇਜਮੈਂਟ ਫੰਡ ਤਹਿਤ ਸੈਂਟਰ ਤੋਂ ਪੈਸਾ ਆ ਗਿਆ ਸੀ, this is a disaster waiting to happen ਸਾਡੇ ਵਰਗੇ ਸ਼ਹਿਰਾਂ ਵਿਚ ਜਿਥੇ ਕਪਾਹ ਦੀਆਂ ਮੰਡੀਆਂ ਹਨ, ਉਥੇ ਤਾਂ ਬਾਰੂਦ ਪਿਆ ਹੈ ਉਹ ਤਾਂ ਮਿੰਟ ਵਿਚ ਅੱਗ ਫੜ੍ਹ ਲੈਂਦੇ ਹਨ ਉਥੇ 20-25 ਕਿਲੋਮੀਟਰ ਤੱਕ ਕੋਈ ਫਾਇਰ ਬ੍ਰਿਗੇਡ ਨਹੀਂ ਹੈ। ਮਲੋਟ ਅਤੇ ਫਾਜ਼ਿਲਕਾ ਵਿਚ ਵੀ ਨਹੀਂ ਹੈ। ਜਲਾਲਾਬਾਦ ਤੋਂ ਆ ਕੇ ਅੱਗ ਬੁਝਾਉਂਦੇ ਹਨ, That is a secondary issue ਕੋਰਟ ਨੇ ਆਰਡਰ ਕਰ ਦਿੱਤੇ ਕਿ ਇਸ ਵਾਸਤੇ 42 ਕਰੋੜ ਸਰਕਾਰ ਦੇਵੇ। The government went and submitted an affidavit in the court ਕਿ ਅਸੀਂ 42 ਕਰੋੜ ਰੁਪਿਆ ਡਿਪਾਰਟਮੈਂਟ ਨੂੰ ਦਿਆਂਗੇ। ਪਹਿਲਾਂ ਇਨ੍ਹਾਂ ਨੇ ਚੈੱਕ ਦਿੱਤਾ which was withdrawn ਹੁਣ ਇਹ ਦੁਬਾਰਾ ਕੋਰਟ ਵਿਚ ਕੁਮਿੱਟ ਕਰਕੇ ਆਏ ਹਨ ਕਿ ਅਸੀਂ 42 ਕਰੋੜ ਰੁਪਿਆ ਡਿਪਾਰਟਮੈਂਟ ਨੂੰ ਦਿਆਂਗੇ। Even that has not been fulfilled and, therefore, I would like to remind the Hon'ble Minister Sahib ਕਿ ਬਜਟ ਸੈਸ਼ਨ ਤੋਂ ਪਹਿਲਾਂ ਇਹ ਕੰਮ ਕਰਨ otherwise I would file a contempt of court petition. ਹੁਣ ਤੁਹਾਨੂੰ 42 ਕਰੋੜ ਰੁਪਿਆ ਦੇਣਾ ਪੈਣਾ ਹੈ you can't run away, you are already in a contempt of court for breach. ਤੁਸੀਂ ਪੈਸੇ ਦਿਓ ਜਾਂ ਨਾ ਦਿਓ ਪਰ ਬੰਦੇ ਕਿਥੋਂ ਆਉਣਗੇ? ਐਵੇਂ ਤਾਂ ਨਹੀਂ ਸੜਕਾਂ ਤੋਂ ਬੰਦੇ ਫੜ ਕੇ ਫਾਇਰ ਬ੍ਰਿਗੇਡ ਵਿਚ ਲਗਾ ਦਿਓਗੇ। I have seen the requirements in fact I had sent a personal request ਜਦੋਂ ਇੰਜਣ ਡਿਫੰਕਟ ਹੋ ਗਏ ਤਾਂ ਉਥੇ ਬੰਦੇ ਕੱਢ ਦਿੱਤੇ ਗਏ। ਹੁਣ ਉਨ੍ਹਾਂ ਬੰਦਿਆਂ ਨੇ ਕਿਹਾ ਹੈ ਕਿ we have work experience ਸਾਨੂੰ ਇੰਪਲਾਇ ਕਰ ਲਿਆ ਜਾਵੇ। ਤੁਸੀਂ ਆਰਡਰ ਕੀਤਾ ਕਿ ਨਹੀਂ। ਹੁਣ ਉਹ ਕਿਥੇ ਜਾਣਗੇ? ਤੁਸੀਂ ਕਿਹਾ ਕਿ ਨਵੀਂ ਭਰਤੀ ਕਰੋਗੇ, ਮੈਂ ਸੋਚਿਆ ਚਲੋ ਕੋਈ ਨਵੀਂ ਟਰੇਨਿੰਗ ਵਾਲੇ ਬੰਦੇ ਭਰਤੀ ਕਰਨਗੇ। Is the Government serious?

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਜੇ ਕੋਈ ਸਪਲੀਮੈਂਟਰੀ ਹੈ ਤਾਂ ਕਰੋ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਦੱਸਣ ਕਿ ਉਨ੍ਹਾਂ ਬੰਦਿਆਂ ਨੂੰ ਸਪੈਸ਼ੇਲਾਈਜ਼ ਬਣਾਉਣ ਵਾਸਤੇ ਕੋਈ ਕੋਰਸ ਜਾਂ ਇੰਸਟੀਚਿਊਟ ਬਣਾਉਣ ਵਾਸਤੇ ਪੈਸਿਆਂ ਦਾ ਪ੍ਰਬੰਧ ਕਰੋਗੇ ਜਾਂ ਨਹੀਂ? ਜਦੋਂ ਉਥੇ ਕਿਤੇ ਅੱਗ ਲੱਗ ਜਾਵੇਗੀ ਤਾਂ ਫਿਰ ਸੋਚੋਗੇ?

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਪਹਿਲਾਂ ਗੱਲ ਕੀਤੀ ਹੈ ਕਿ ਉਹ ਪੈਸੇ ਜਾਰੀ ਹੋ ਚੁੱਕੇ ਹਨ, ਉਸ ਦੇ ਅਸੀਂ ਇਸ ਹਫਤੇ ਟੈਂਡਰ ਲਗਾ ਦਿਆਂਗੇ। ਜਿਹੜੀ ਡਿਜ਼ਾਸਟਰ ਮੈਨੇਜਮੈਂਟ ਵਾਲੇ ਪੈਸਿਆਂ ਦੀ ਤੁਸੀਂ ਗੱਲ ਕੀਤੀ ਹੈ, ਉਹ ਅਸੀਂ ਟੈਂਡਰ ਲਗਾ ਦਿਆਂਗੇ।

**ਸ਼੍ਰੀ ਸੁਨੀਲ ਜਾਖੜ:** ਤੁਸੀਂ ਪੈਸੇ ਜਮ੍ਹਾਂ ਕਰਵਾ ਦਿੱਤੇ?

**ਮੰਤਰੀ :** ਅਸੀਂ ਟੈਂਡਰ ਲਗਾ ਦਿਆਂਗੇ।

**Shri Sunil Jakhar :** I am asking a specific question ਕਿ ਅੱਜ ਦੀ ਤਾਰੀਖ ਵਿਚ ਪੈਸੇ ਜਮ੍ਹਾਂ ਕਰਵਾ ਦਿੱਤੇ ਜਾਂ ਨਹੀਂ you are going to commit a serious breach.

**ਮੰਤਰੀ :** ਇਹ ਕੋਈ ਬਹਿਸ ਦੀ ਗੱਲ ਨਹੀਂ ਹੈ। ਮੈਂ ਚੈੱਕ ਕਰਵਾ ਲੈਂਦਾ ਹਾਂ।

**ਸ਼੍ਰੀ ਸੁਨੀਲ ਜਾਖੜ :** ਤੁਸੀਂ ਇਸ ਤਰ੍ਹਾਂ ਨਾ ਕਰੋ, I am sorry to say they have given a blank cheque. I am telling the facts. ਮੇਰੀ ਕਮਜ਼ੋਰੀ ਹੈ ਕਿ I always try to be precise with my information. ਮੈਂ ਪਹਿਲਾਂ ਪੂਰੀ ਤਿਆਰੀ ਕਰਕੇ, ਇਨਫਰਮੇਸ਼ਨ ਲੈ ਕੇ ਹੀ ਇਥੇ ਬੋਲਦਾ ਹਾਂ, ਨਹੀਂ ਤਾਂ ਤੁਸੀਂ ਮੈਨੂੰ ਸਵੇਰੇ ਘੜੀਸੀ ਫਿਰੋਗੇ। ਮੇਰੇ ਤੇ ਤਾਂ ਤੁਸੀਂ ਪਹਿਲਾਂ ਹੀ ਬਰੀਚ ਆਫ ਪ੍ਰਿਵਿਲੇਜ ਲਈ ਫਿਰਦੇ ਹੋ। Please check your facts, you have not released Rs.42 crores.

**ਮੰਤਰੀ :** ਸਪੀਕਰ ਸਾਹਿਬ, ਮੈਂ ਇਹ ਐਸ਼ਿਓਰ ਕਰਦਾ ਹਾਂ ਕਿ ਅਸੀਂ ਇਕ ਹਫਤੇ ਵਿਚ ਟੈਂਡਰ ਲਗਾ ਦਿਆਂਗੇ। ਮੈਂ ਤੁਹਾਨੂੰ ਇਕ ਘੰਟੇ ਵਿਚ ਇਹ ਕਲੀਅਰ ਕਰ ਦਿੰਦਾ ਹਾਂ ਕਿ ਪੈਸੇ ਜਮ੍ਹਾਂ ਕਰਵਾ ਦਿੱਤੇ ਹਨ ਜਾਂ ਨਹੀਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੇ ਹੋਏ ਬੋਲ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ।)

**Mr. Speaker :** Please silence.

**ਮੰਤਰੀ :** ਤੁਹਾਨੂੰ ਟੈਂਡਰ ਚਾਹੀਦਾ ਹੈ ਜਾਂ ਪੈਸੇ ਚਾਹੀਦੇ ਹਨ। ਸਪੀਕਰ ਸਾਹਿਬ, ਜਿਹੜੀ ਦੂਜੀ ਗੱਲ ਸਟਾਫ ਦੀ ਹੈ ਉਹ ਇਨ੍ਹਾਂ ਦੀ ਸੁਜੈਸ਼ਨ ਚੰਗੀ ਹੈ ਅਸੀਂ ਉਨ੍ਹਾਂ ਦੀ ਟਰੇਨਿੰਗ ਵਾਸਤੇ ਇੰਸਟੀਚਿਊਟ ਜਲਦੀ ਹੀ ਸਥਾਪਿਤ ਕਰਨ ਦੀ ਤਜਵੀਜ਼ ਬਣਾ ਲਵਾਂਗੇ।

**ਮਾਨਯੋਗ ਸਪੀਕਰ :** ਧੰਨਵਾਦ ਜੀ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1653

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ।)

----

## ਜੱਚਾ ਬੱਚਾ ਲਈ ਮਾਹਿਰ ਡਾਕਟਰਾਂ ਦੀ ਭਰਤੀ ਕਰਨਾ

***1744. ਸ੍ਰੀ ਸੁੰਦਰ ਸ਼ਾਮ ਅਰੋੜਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਜੱਚਾ ਬੱਚਾ ਦੀ ਸੁਰੱਖਿਆ ਵਾਸਤੇ ਮਹਿਲਾ ਰੋਗ ਅਤੇ ਬੱਚਿਆਂ ਦੇ ਮਾਹਿਰ ਡਾਕਟਰਾਂ ਦੀ ਭਰਤੀ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ੍ਰੀਮਾਨ ਜੀ, ਹਾਂ ਜੀ, ਸਰਕਾਰ ਵੱਲੋਂ ਮਹਿਲਾ ਰੋਗ ਅਤੇ ਬੱਚਿਆਂ ਦੇ ਮਾਹਿਰ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਪ੍ਰਕਿਰਿਆ ਲਗਾਤਾਰ ਜਾਰੀ ਹੈ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੜੀ ਦੇਰ ਦੀ ਗੱਲ ਚੱਲੀ ਆ ਰਹੀ ਹੈ ਕਿ ਹਸਪਤਾਲਾਂ ਦੇ ਵਿੱਚ ਮਹਿਲਾ ਡਾਕਟਰ ਨਹੀਂ ਹਨ, ਬੱਚਿਆਂ ਦੇ ਡਾਕਟਰ ਨਹੀਂ ਹਨ। ਸਪੀਕਰ ਸਾਹਿਬ, ਇੰਨੀਆਂ ਮਾੜੀਆਂ ਘਟਨਾਵਾਂ ਦੇ ਬਾਵਜੂਦ ਹਰ

ਵਾਰ ਇਹੀ ਜਵਾਬ ਮਿਲਦਾ ਹੈ ਕਿ ਅਸੀਂ ਇਹ ਕੰਮ ਬੜਾ ਜਲਦੀ ਕਰਨ ਜਾ ਰਹੇ ਹਾਂ। ਮੈਂ ਜਦੋਂ ਪਿਛਲੀ ਵਾਰ ਸੈਸ਼ਨ ਵਿੱਚ ਵੀ ਸਵਾਲ ਕੀਤਾ ਸੀ ਕਿ ਸਾਡੇ ਹੁਸ਼ਿਆਰਪੁਰ ਵਿੱਚ ਕੋਈ ਮਹਿਲਾ ਡਾਕਟਰ ਨਹੀਂ ਹੈ। ਉਸ ਤੋਂ ਬਾਅਦ ਇੱਕ ਡਾਕਟਰ ਨੂੰ ਭੇਜ ਦਿੱਤਾ ਗਿਆ। ਉਹ ਜਿਹੜੀ ਇੱਕ ਡਾਕਟਰ ਸਾਹਿਬਾ ਨੂੰ ਭੇਜਿਆ ਗਿਆ ਉਨ੍ਹਾਂ ਦੀ ਦੋ ਦਿਨ ਡਿਊਟੀ ਕਿਤੇ ਹੁੰਦੀ ਹੈ, ਇਕ ਦਿਨ ਕਿਤੇ ਹੈ ਤੇ ਤਿੰਨ ਦਿਨ ਕਿਤੇ ਹੁੰਦੀ ਹੈ। ਅਗਰ ਕੋਈ ਐਮਰਜੈਂਸੀ ਆਉਂਦੀ ਹੈ ਤਾਂ ਉਸ ਨੂੰ ਹਸਪਤਾਲ ਕਿਸ ਤਰ੍ਹਾਂ ਡੀਲ ਕਰਦਾ ਹੈ? ਕੀ ਮੰਤਰੀ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਕਿੰਨੀ ਦੇਰ ਤੱਕ ਹਸਪਤਾਲਾਂ ਦੇ ਵਿੱਚ ਡਾਕਟਰ ਪੂਰੇ ਹੋ ਜਾਣਗੇ?

**ਮੰਤਰੀ :** ਸਪੀਕਰ ਸਾਹਿਬ, ਮੁੱਖ ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਡਾਕਟਰਾਂ ਦੀ ਭਰਤੀ  ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵਿੱਚੋਂ ਕੱਢ ਕੇ ਵਾਕ-ਇੰਨ ਇੰਟਰਵਿਊ ਕੀਤੀ ਹੋਈ ਹੈ। ਉਸ ਦੇ ਵਿੱਚ ਮਹੀਨੇ ਦੋ ਮਹੀਨੇ ਬਾਅਦ ਇੰਟਰਵਿਊ ਹੁੰਦੀ ਹੈ, ਉਸ ਦੇ ਵਿੱਚ ਡਾਕਟਰ ਆਉਂਦੇ ਹਨ, ਹੁਣ ਜਿਹੜੀ ਡਾਕਟਰਾਂ ਦੀ ਘਾਟ ਹੈ,  ਉਥੇ ਬੱਚਿਆਂ ਦੇ 117 ਡਾਕਟਰਾਂ ਦੀ ਘਾਟ ਹੈ ਔਰ 25 ਗਾਇਨੀ ਡਾਕਟਰਾਂ ਦੀ ਕਮੀ ਹੈ, ਉਨ੍ਹਾਂ ਨੂੰ ਵਾਕ-ਇੰਨ ਇੰਟਰਵਿਊ ਰਾਹੀਂ ਭਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਗਰ ਅਰੋੜਾ ਸਾਹਿਬ ਜੀ ਕੋਲ ਕੋਈ ਡਾਕਟਰ ਹੈ ਜਿੰਨੇ ਲਿਆ ਕੇ ਦੇਣਗੇ, ਉਹ ਅਸੀਂ ਭਰਤੀ ਕਰ ਲਵਾਂਗੇ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਪਲੀਮੈਂਟਰੀ ਜੀ। ਸਪੀਕਰ ਸਾਹਿਬ, ਫਿਰ ਤਾਂ ਇਹ ਮਹਿਕਮਾ ਹੀ ਤੁਹਾਡੇ ਕੋਲ ਆ ਜਾਣਾ ਚਾਹੀਦਾ ਹੈ ਕਿ ਅਸੀਂ ਕਿਤੋਂ ਡਾਕਟਰ ਲੱਭ ਕੇ ਇਨ੍ਹਾਂ ਨੂੰ ਦੇਈਏ ਤੇ ਇਹ ਡਾਕਟਰ ਹਸਪਤਾਲਾਂ ਵਿੱਚ ਰੱਖ ਲੈਣ। (ਵਿਘਨ)

**ਮਾਨਯੋਗ ਸਪੀਕਰ :** ਮੈਂ ਵੀ ਇਹ ਕਹਿੰਦਾ ਹਾਂ ਕਿ ਡਾਕਟਰਾਂ ਦੀ ਸ਼ਾਰਟੇਜ ਹੈ।

**ਸ਼੍ਰੀ ਸੁੰਦਰ ਸ਼ਾਮ ਅਰੋੜਾ** : ਸਰ, ਮੇਰੀ ਬੇਨਤੀ ਸੁਣ ਲਓ। ਮੇਰਾ ਬੜਾ ਹੀ ਅਹਿਮ ਕੁਐਸਚਨ ਹੈ, ਮੈਂ ਕਹਿਣਾ ਚਾਹੁੰਦਾ ਹਾਂ...

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ..

**ਮਾਨਯੋਗ ਸਪੀਕਰ :** ਨਹੀਂ ਜੀ, ਨਹੀਂ, ਜਾਖੜ ਸਾਹਿਬ ਤੁਸੀਂ ਬੈਠ ਜਾਓ। ਹਾਂ ਜੀ, ਅਰੋੜਾ ਜੀ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸਪੀਕਰ ਸਾਹਿਬ, ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਉਥੇ ਜਿਨ੍ਹਾਂ ਹਸਪਤਾਲਾਂ ਦੇ ਵਿੱਚ ਡਿਲੀਵਰੀ ਹੁੰਦੀ ਹੈ। ਅਗਰ ਉਥੇ ਮਹਿਲਾਵਾਂ ਦੀ ਡਾਕਟਰ ਹੈ ਤਾਂ ਉਥੇ ਬੱਚਿਆਂ ਦਾ ਡਾਕਟਰ ਨਹੀਂ ਹੈ। ਪਿਛੇ ਜਿੰਨੇ ਮਾੜੇ ਹਾਦਸੇ ਹੋਏ ਹਨ ਉਨ੍ਹਾਂ ਦੇ ਪਿਛੇ ਇੱਕ ਰੀਜ਼ਨ ਸੀ ਕਿ ਉਥੇ ਦੋਨੋਂ ਡਾਕਟਰਾਂ ਦੀ ਉਪਸਥਿਤੀ ਚਾਹੀਦੀ ਸੀ। ਇਹ ਦੋਨੋਂ ਹੀ ਡਾਕਟਰਾਂ ਦੇ ਨਾ ਹੋਣ ਕਾਰਨ ਹੋਇਆ ਸੀ। ਹਸਪਤਾਲਾਂ ਵਿੱਚ ਕਿਤੇ ਇੱਕ ਡਾਕਟਰ ਹੁੰਦਾ ਹੈ ਤਾਂ ਉਥੇ ਦੂਜਾ ਡਾਕਟਰ ਨਹੀਂ ਹੁੰਦਾ। ਇਸ ਕਰਕੇ ਜਿੰਨੀਆਂ ਵੀ ਪਿੱਛੇ ਟਰੈਜ਼ਡੀਆਂ ਹੋਈਆਂ ਉਨ੍ਹਾਂ ਵਿੱਚ ਇਹ ਇੱਕ ਮੇਨ ਕਾਰਨ ਸੀ। ਇਸ ਲਈ ਮੇਰੀ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਹੈ ਕਿ ਜਿਨ੍ਹਾਂ ਹਸਪਤਾਲਾਂ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ ਤਾਂ ਉਥੇ ਇਹ ਦੋਨੋਂ ਹੀ ਡਾਕਟਰ ਮੌਜੂਦ ਹੋਣੇ ਚਾਹੀਦੇ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹਸਪਤਾਲਾਂ ਦੇ ਵਿੱਚ ਕਿੰਨੀ ਦੇਰ ਤੱਕ ਡਾਕਟਰ ਪੂਰੇ ਹੋ ਜਾਣਗੇ? ਸਾਡਾ ਫਰਜ਼ ਡਾਕਟਰ ਲਿਆਉਣਾ ਨਹੀਂ ਹੈ ਕਿ ਅਸੀਂ ਡਾਕਟਰ ਲਿਆ ਕੇ ਤੁਹਾਡੇ ਹੈਲਥ ਡਿਪਾਰਟਮੈਂਟ ਨੂੰ ਦੇਈਏ।

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਜਾਂ ਉਸ ਬੈਂਚ ਤੋਂ ਜੋ ਵੀ ਉਠਦਾ ਹੈ, ਉਹ ਕਹਿੰਦਾ ਹੈ ਕਿ ਡਾਕਟਰ ਨਹੀਂ ਹਨ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਰਕਾਰੀ ਹਸਪਤਾਲਾਂ ਦੇ ਵਿੱਚ ਡਿਲਿਵਰੀ ਦੋ ਲੱਖ ਪੱਚੀ ਤੀਹ ਹਜ਼ਾਰ ਹੁੰਦੀ ਹੈ। ਪੰਜਾਬ ਦੇ ਹੈਲਥ ਮਹਿਕਮੇ ਨੇ ਇੰਨਾ ਕੰਮ ਕੀਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 14% ਡਿਲਿਵਰੀਆਂ ਘਰਾਂ ਵਿੱਚ ਹੁੰਦੀਆਂ ਹਨ, ਬਾਕੀ ਸਾਰੀਆਂ ਦੀਆਂ ਸਾਰੀਆਂ ਡਿਲਿਵਰੀਆਂ ਹਸਪਤਾਲਾਂ ਵਿੱਚ ਹੁੰਦੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਡਾਕਟਰਾਂ ਦੀ ਥੋੜ੍ਹੀ ਘਾਟ ਹੈ, ਉਸ ਦੇ ਵਾਸਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਸਪੱਸ਼ਟ ਕਹਿ ਰੱਖਿਆ ਹੈ ਕਿ ਇਸ ਵਾਸਤੇ ਵਾਕ-ਇੰਨ-ਇੰਟਰਵਿਊ ਜਾਰੀ ਰੱਖੀ ਜਾਵੇ ਅਤੇ ਇਸ ਤਰ੍ਹਾਂ ਡਾਕਟਰਾਂ ਦੀ ਭਰਤੀ ਦੀ ਪ੍ਰਕਿਰਿਆ ਜਾਰੀ ਰਹਿੰਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਡਾਕਟਰਾਂ ਦੀ ਘਾਟ ਹੈ ਉਸ ਦੇ ਬਾਵਜੂਦ ਵੀ ਹਸਪਤਾਲਾਂ ਵਿੱਚ ਡਾਕਟਰ ਬਹੁਤ ਅੱਛਾ ਕੰਮ ਕਰ ਰਹੇ ਹਨ। ਜਿਹੜੀ ਬੱਚਿਆਂ ਦੀ ਗੱਲ ਕਰਦੇ ਹਨ ਉਸ ਬਾਰੇ ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ ਕਿ ਸੈਂਟਰ ਸਰਕਾਰ ਨੇ ਵੀ ਪੰਜਾਬ ਸਰਕਾਰ ਨੂੰ

ਇਸ ਗੱਲ ਦੀ ਸ਼ਾਬਾਸ਼ ਦਿੱਤੀ ਹੈ ਕਿ ਪੰਜਾਬ ਵਿੱਚ ਇਹ ਬਹੁਤ ਅੱਛਾ ਕੰਮ ਹੋ ਰਿਹਾ ਹੈ। (ਵਿਘਨ)(ਸ਼ੋਰ)

**Mr. Speaker :** Please sit down, nothing should be recorded ਜੋ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾਵੇ ਉਹ ਕੋਈ ਚੀਜ਼ ਰਿਕਾਰਡ ਨਾ ਕੀਤੀ ਜਾਵੇ (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇੱਕ ਬਹੁਤ ਹੀ important shortcoming Hon'ble Minister Sahib ਨੇ raise ਕੀਤੀ ਹੈ ਕਿ ਡਾਕਟਰਾਂ ਦੀ ਘਾਟ ਹੈ, ਇਨ੍ਹਾਂ ਨੇ ਕਿਹਾ ਹੈ ਕਿ ਕੋਈ ਮੈਂਬਰ ਸਾਹਿਬਾਨ ਕੋਲ ਡਾਕਟਰ ਹੋਵੇ ਤਾਂ ਸਾਡੇ ਕੋਲ ਲੈ ਆਉਣ। ਸਪੀਕਰ ਸਾਹਿਬ, ਡਾਕਟਰ ਕੋਈ ਬਾਹਰ ਤਾਂ ਹੈ ਨਹੀਂ ਕਿ ਫੜ ਕੇ ਲੈ ਆਈਏ। They have to be MBBS Degree holders, ਜਿਨ੍ਹਾਂ ਨੇ ਕੋਰਸ ਕਰ ਰੱਖਿਆ, ਕੋਰਸ ਕਰਨਗੇ ਕਿੱਥੋਂ ? ਉਹ ਕੋਰਸ ਤਾਂ ਮੈਡੀਕਲ ਕਾਲਜ ਤੋਂ ਕਰਨਗੇ ਪਰੰਤੂ ਸਪੀਕਰ ਸਾਹਿਬ, ਮੈਡੀਕਲ ਕਾਲਜ ਦੇ ਹਾਲਾਤ ਇਹ ਹਨ that there is a very senior member of coalition partners, ਪਠਾਨਕੋਟ ਵਿੱਚ ਉਸ ਦੇ ਖਿਲਾਫ ਜਿਹੜੇ ਬੱਚੇ ਐਮ.ਬੀ.ਬੀ.ਐਸ ਕਰ ਰਹੇ ਹਨ ਉਥੇ 2-3 ਸਾਲਾਂ ਤੋਂ ਬਾਹਰ ਬੈਠੇ ਕੁਸ਼ਤੀ ਲੜ ਰਹੇ ਸੀ ਕਿਉਂਕਿ ਉਨ੍ਹਾਂ ਨੂੰ ਅੱਗੇ ਜਾਣ ਵਾਸਤੇ ਕੋਈ ਰਸਤਾ ਨਹੀਂ, because the hospital itself was the....

**ਮਾਨਯੋਗ ਸਪੀਕਰ :** ਇਹ ਇਸ ਨਾਲ ਤਾਂ ਸਬੰਧਿਤ ਨਹੀਂ ਹੈ। ਜਾਖੜ ਸਾਹਿਬ, ਕੀ ਇਹ ਇਸ ਨਾਲ ਸਬੰਧਿਤ ਹੈ?

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਪੰਜਾਬ ਨਾਲ ਤਾਂ ਸਬੰਧ ਰੱਖਦਾ ਹੈ। ਮੈਂ ਆਨਰੇਬਲ ਚੀਫ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਐਵੇਂ ਹੀ ਲਾਇਸੰਸ ਲੈ ਕੇ ਹਸਪਤਾਲ ਖੁੱਲ੍ਹੇ ਪਏ ਹਨ, ਜੇਕਰ ਕਹੋ ਤਾਂ ਮੈਂ ਉਨ੍ਹਾਂ ਦੇ ਨਾਂ ਲੈ ਲੈਂਦਾ ਹਾਂ, ਮੇਰੇ ਕੋਲ ਵੀ ਬੱਚੇ ਆਏ ਸਨ, ਤੁਹਾਡੇ ਕੋਲ ਵੀ ਬੱਚੇ ਆਏ ਹੋਣਗੇ। ਸਾਡੇ ਬੱਚਿਆਂ ਦੇ ਭਵਿੱਖ ਦਾ ਕੀ ਬਣੇਗਾ। ਉਥੇ ਐਡਮਿਸ਼ਨ ਲਈ ਕਰੋੜ-ਕਰੋੜ ਰੁਪਏ ਲੈਂਦੇ ਹਨ ਅਤੇ ਬੱਚੇ ਸੜਕਾਂ ਤੇ ਬੈਠੇ ਹਨ। ਮੇਰੀ ਚੀਫ ਮਨਿਸਟਰ ਸਾਹਿਬ ਨੂੰ ਸਬਮਿਸ਼ਨ ਹੈ ਕਿ ਤੁਸੀਂ ਗੌਰ ਕਰੋ, ਕੋਈ ਫਰਕ ਨਹੀਂ ਪੈਂਦਾ ਕਿ ਫਲਾਣੇ ਸਾਹਿਬ ਦਾ ਕਾਲਜ ਹੈ। ਜੇਕਰ ਹੈ ਤਾਂ ਉਸ ਨੂੰ ਕੈਂਸਲ ਕਰਕੇ ਕਿਸੇ ਹੋਰ ਨੂੰ ਲਾਇਸੰਸ ਦਿਉ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ, ਅਗਲਾ ਸਵਾਲ ਸਰਦਾਰ ਜਗਮੋਹਨ ਸਿੰਘ ਕੰਗ।

----

## ਕੇਂਦਰ ਸਰਕਾਰ ਤੋਂ ਮਨਰੇਗਾ ਸਕੀਮ ਅਧੀਨ ਪ੍ਰਾਪਤ ਫੰਡ

***1679.** **1). ਸਰਦਾਰ ਜਗਮੋਹਨ ਸਿੰਘ ਕੰਗ:**
**2). ਰਾਣਾ ਗੁਰਮੀਤ ਸਿੰਘ ਸੋਢੀ :** } ਕੀ

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਾਲ 2007 ਤੋਂ 2014 ਅਤੇ ਸਾਲ 2014-15 ਦੇ ਦੌਰਾਨ ਮਨਰੇਗਾ ਸਕੀਮ ਅਧੀਨ ਕੇਂਦਰ ਸਰਕਾਰ ਤੋਂ ਪ੍ਰਾਪਤ ਕੀਤੇ ਫੰਡਾਂ ਦੀ ਸਾਲ-ਵਾਰ ਰਕਮ ਕਿੰਨੀ ਹੈ;

(ਅ) ਉਪਰੋਕਤ ਵਰਣਿਤ ਸਮੇਂ ਦੌਰਾਨ ਉਕਤ ਸਕੀਮ ਅਧੀਨ ਹਰ ਜ਼ਿਲ੍ਹੇ ਨੂੰ ਜਾਰੀ ਕੀਤੇ ਗਏ ਫੰਡਾਂ ਦੇ ਸਾਲ-ਵਾਰ ਵੇਰਵੇ ਕੀ ਹਨ ਅਤੇ ਕੀ ਸੂਬਾ ਸਰਕਾਰ ਵੱਲੋਂ ਇਸ ਵਿਚ ਆਪਣਾ ਬਣਦਾ ਹਿੱਸਾ ਪਾਇਆ ਗਿਆ ਸੀ;

(ੲ) ਕੀ ਉਕਤ ਸਕੀਮ ਅਧੀਨ ਹਰੇਕ ਜ਼ਿਲ੍ਹੇ ਵਿਚ ਲੱਗੇ ਵਰਕਰਾਂ ਨੂੰ ਹੁਣ ਤੱਕ ਦੀਆਂ ਅਦਾਇਗੀਆਂ ਕਰ ਦਿੱਤੀਆਂ ਗਈਆਂ ਹਨ; ਜੇਕਰ ਨਹੀਂ ਤਾਂ ਇਸਦੇ ਕੀ ਕਾਰਣ ਹਨ;

(ਸ) ਕੀ ਉਪਰੋਕਤ ਸਕੀਮ ਦਾ ਸਾਰਾ ਪੈਸਾ ਵੱਖ-ਵੱਖ ਥਾਵਾਂ ਤੇ ਵਰਤਿਆ ਗਿਆ ਹੈ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ,

(ੳ) ਸਾਲ 2007 ਤੋਂ 2014 ਅਤੇ ਸਾਲ 2014-15 ਦੇ ਦੌਰਾਨ ਮਨਰੇਗਾ ਸਕੀਮ ਅਧੀਨ ਕੇਂਦਰ ਸਰਕਾਰ ਤੋਂ ਪ੍ਰਾਪਤ ਕੀਤੇ ਫੰਡਾਂ ਦੀ ਸਾਲ-ਵਾਰ ਰਕਮ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| ਸਾਲ | ਕੇਂਦਰ ਤੋਂ ਪ੍ਰਾਪਤ ਫੰਡਜ਼ (ਕਰੋੜਾਂ ਵਿੱਚ) |
|---|---|
| 2007-08 | 28.65 |
| 2008-09 | 67.11 |
| 2009-10 | 144.48 |
| 2010-2011 | 130.89 |

| | |
|---|---|
| 2011-2012 | 114.29 |
| 2012-2013 | 114.21 |
| 2013-2014 | 226.15 |
| 2014-2015 **(ਮਿਤੀ 18 ਦਸੰਬਰ, 2014 ਤੱਕ)** | 155.71 |

(ਅ) ਉਪਰੋਕਤ ਵਰਣਿਤ ਸਮੇਂ ਦੌਰਾਨ ਉਕਤ ਸਕੀਮ ਅਧੀਨ ਹਰ ਜ਼ਿਲ੍ਹੇ ਨੂੰ ਜਾਰੀ ਕੀਤੇ ਗਏ ਫੰਡਾਂ ਦੇ ਸਾਲ-ਵਾਰ ਵੇਰਵੇ ਅਨੁਲੱਗ 'ੳ' ਤੇ ਰੱਖੇ ਗਏ ਹਨ।

ਸੂਬਾ ਸਰਕਾਰ ਵੱਲੋਂ ਇਸ ਵਿਚ ਆਪਣਾ ਬਣਦਾ ਹਿੱਸਾ ਪਾਇਆ ਗਿਆ ਹੈ।

(ੲ) ਨਹੀਂ ਜੀ, ਉਕਤ ਸਕੀਮ ਅਧੀਨ ਹਰੇਕ ਜ਼ਿਲ੍ਹੇ ਵਿਚ ਲੱਗੇ ਵਰਕਰਾਂ ਨੂੰ ਕੀਤੀਆਂ ਜਾਣ ਵਾਲੀਆਂ ਕੁਝ ਅਦਾਇਗੀਆਂ ਬਾਕੀ ਹਨ। ਇਸ ਦਾ ਮੁੱਖ ਕਾਰਨ ਭਾਰਤ ਸਰਕਾਰ ਵੱਲੋਂ ਰਾਜ ਨੂੰ ਘੱਟ ਫੰਡ ਜਾਰੀ ਕਰਨਾ ਹੈ। ਵਿੱਤੀ ਸਾਲ 2014-15 ਵਿੱਚ ਭਾਰਤ ਸਰਕਾਰ ਨੂੰ ਭੇਜੀ ਗਈ ਪ੍ਰਪੋਜ਼ਲ ਅਤੇ ਇਸਦੇ ਵਿਰੁੱਧ ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਗਈ ਰਾਸ਼ੀ ਦਾ ਵੇਰਵਾ ਹੇਠ ਦੱਸੇ ਅਨੁਸਾਰ ਹੈ :-

| ਲੜੀ ਨੰ | ਭਾਰਤ ਸਰਕਾਰ ਨੂੰ ਭੇਜੀ ਗਈ ਪ੍ਰਪੋਜ਼ਲ ਦੀ ਮਿਤੀ | ਰਾਸ਼ੀ (ਕਰੋੜਾਂ ਵਿੱਚ) | ਭਾਰਤ ਸਰਕਾਰ ਵੱਲੋਂ ਜਾਰੀ ਕਰਨ ਦੀ ਮਿਤੀ | ਜਾਰੀ ਕੀਤੀ ਗਈ ਰਾਸ਼ੀ (ਕਰੋੜਾਂ ਵਿੱਚ) |
|---|---|---|---|---|
| 1 | | | 03-04-2014 | 107.32 |
| 2 | 09-05-2014 | 119.55 | 27-05-2014 | 7.00 |
| 3 | 21-7-2014 | 275.77 | 19-08-2014 | 14.07 |
| 4 | 21-08-2014 | 170.56 | 04-09-2014 | 27.32 |
| 5 | 27-11-2014 | 209.51 | ਇਸ ਪ੍ਰਪੋਜ਼ਲ ਵਿਰੁੱਧ ਭਾਰਤ ਸਰਕਾਰ ਵੱਲੋਂ ਮਿਤੀ 18-12-2014 ਤੱਕ ਕੋਈ ਫੰਡ ਜਾਰੀ ਨਹੀਂ ਕੀਤਾ ਗਿਆ । | |
| | ਕੁੱਲ | 775.39 | | 155.71 |

(ਸ) ਮਗਨਰੇਗਾ ਸਕੀਮ ਦਾ ਸਾਰਾ ਪੈਸਾ ਜ਼ਿਲ੍ਹਿਆਂ ਵਿੱਚ ਸਿਰਫ ਮਗਨਰੇਗਾ ਸਕੀਮ ਅਧੀਨ ਕੀਤੇ ਜਾਣ ਵਾਲੇ ਕੰਮਾਂ ਤੇ ਵਰਤਿਆ ਗਿਆ ਹੈ।

-----

## ਅਨੁਲਗ ੳ

**Funds released to districts under MGNREGA (Figures in Lacs)**

| Sr. No. | District | 2006-07 | 2007-08 | 2008-09 | 2009-10 | 2010-11 | 2011-12 | 2012-13 | 2013-14 | 2014 (as on 18 Dec. 2014) |
|---|---|---|---|---|---|---|---|---|---|---|
| 1 | AMRITSAR | -- | 1487.69 | 701.04 | 3183.7 | 1188.92 | 1238.89 | 173.43 | 760.53 | 194.18 |
| 2 | BARNALA | -- | 68.5 | 354.5 | 281.11 | 394.96 | 366.664 | 109.75159 | 623.93 | 645.11 |
| 3 | BHATINDA | -- | -- | 363.7 | 1516 | 995.99 | 822.22 | 689.49 | 811.55 | 1476.78 |
| 4 | FARIDKOT | -- | -- | 117.12 | 229.45 | 351.89 | 313.89 | 404.2 | 655.13 | 601.14 |
| 5 | FATEHGARH SAHIB | -- | -- | 121.73 | 104.07 | 483.52 | 490.17 | 280.39 | 1723.54 | 1671.24 |
| 6 | FAZILKA | -- | -- | -- | -- | -- | -- | 1850.15 | 2289.5 | 1084.01 |
| 7 | FEROZEPUR | -- | -- | 228.61 | 54.07 | 1386.49 | 1070.3012 | 470.35555 | 450.08 | 597.14 |
| 8 | GURDASPUR | -- | 34.79 | 300.75 | 1069.98 | 1516.23 | 704.22 | 341.8 | 820.95 | 353.1 |
| 9 | HOSHIARPUR | 3479.91 | 821.68 | 2005.94 | 3987.1 | 1295.9 | 1338.9 | 739.42 | 898.13 | 1339.93 |

| S. No. | District | 2006-07 | 2007-08 | 2008-09 | 2009-10 | 2010-11 | 2011-12 | 2012-13 | 2013-14 | 2014 (as on 18 Dec. 2014) |
|---|---|---|---|---|---|---|---|---|---|---|
| 10. | JALANDHAR | -- | 925.24 | 0 | 0 | 638.14 | 606.1 | 77.8 | 301.52 | 220.26 |
| 11. | KAPURTHALA | -- | -- | 95.89 | 132.61 | 374.35 | 372.22 | 316.76 | 288.65 | 421.64 |
| 12. | LUDHIANA | -- | 68.5 | 172.83 | 203.47 | 1095.54 | 840.23 | 1809.84 | 1876.54 | 1057.14 |
| 13. | MANSA | -- | | 444.32 | 614.82 | 520.77 | 380.55 | 1138.99 | 3542.19 | 856.04 |
| 14. | MOGA | -- | 68.5 | 103.28 | 60.52 | 473.85 | 580 | 1265.3 | 1191.74 | 776.01 |
| 15. | MUKATSAR | -- | 68.5 | 245.64 | 1135.24 | 1145.63 | 1166.668 | 752.845 | 1171.14 | 1076.04 |
| 16. | SBS NAGAR | -- | 508.88 | 0 | 577.19 | 403.22 | 193.89 | 395.14 | 674.00 | 693.06 |
| 17. | PATHANKOT | -- | -- | -- | -- | -- | 471.777 | 336.34 | 392.01 | 419.06 |
| 18. | PATIALA | -- | 68.5 | 535.87 | 351.71 | 633.93 | 763.88 | 372.87 | 4108.99 | 1679.84 |
| 19. | ROPAR | -- | 0 | 269.47 | 472.45 | 520.99 | 249.99 | 422.22 | 535.29 | 561.5 |
| 20. | SANGRUR | -- | 68.5 | 1004.71 | 488.5 | 653.19 | 455.56 | 211.11 | 1217.6 | 1172.31 |

| S. No. | District | 2006-07 | 2007-08 | 2008-09 | 2009-10 | 2010-11 | 2011-12 | 2012-13 | 2013-14 | 2014 (as on 18 Dec. 2014) |
|---|---|---|---|---|---|---|---|---|---|---|
| 21. | SAS NAGAR MOHALI | -- | | 245.638 | 338.1 | 236.04 | 187.00222 | 269.06666 | 303.08 | 270.23 |
| 22. | TARN TARAN | -- | -- | 149.29 | 835.55 | 383.02 | 511.11 | 183.94 | 434.9 | 307.28 |
| | **Total** | **3479.91** | **4189.28** | **7460.328** | **15635.64** | **14692.57** | **13124.232** | **12611.2088** | **25070.99** | **17473.04** |

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਇਹ ਮਨਰੇਗਾ ਸਕੀਮ ਸੈਂਟਰ ਦੀ ਪਿਛਲੀ ਯੂ.ਪੀ.ਏ. ਕਾਂਗਰਸ ਸਰਕਾਰ ਦੁਆਰਾ ਗਰੀਬਾਂ ਦੇ ਹਿੱਤ ਲਈ ਲਾਗੂ ਕੀਤੀ ਗਈ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਾਰੇ ਹਾਲੇ ਵੀ ਲੋਕਾਂ ਵਿੱਚ ਜਾਗਰੂਕਤਾ ਨਹੀਂ ਹੈ। ਲੋਕਾਂ ਨੂੰ ਪਤਾ ਨਹੀਂ ਹੈ ਕਿ ਇਹ ਸਕੀਮ ਕੀ ਹੈ। ਜਦੋਂ ਮਜ਼ਦੂਰ ਰਜਿਸਟਰ ਕੀਤੇ ਜਾਂਦੇ ਹਨ ਤਾਂ ਇਸ ਵਿਚ ਉਦੋਂ ਵੀ ਬੜਾ ਵਿਤਕਰਾ ਹੁੰਦਾ ਹੈ। ਅਕਾਲੀ ਭਾਜਪਾ ਦੇ ਹਲਕਾ ਇੰਚਾਰਜ ਆ ਕੇ ਆਪਣੇ ਬੰਦਿਆਂ ਦੇ ਨਾਂ ਰਜਿਸਟਰ ਕਰਵਾ ਜਾਂਦੇ ਹਨ। ਕੀ ਮੰਤਰੀ ਸਾਹਿਬ ਕੋਈ ਆਸ਼ਵਾਸਨ ਦੇਣਗੇ ਕਿ ਇਸ ਦੀ ਜਾਗਰੂਕਤਾ ਲਈ ਕੋਈ ਸਪੈਸ਼ਲ ਮੁਹਿੰਮ ਚਲਾਉਣਗੇ? ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਸੂਬੇ ਦਾ ਸ਼ੇਅਰ ਰਿਲੀਜ਼ ਕਰ ਚੁੱਕੇ ਹਾਂ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਕੀ ਰੇਸ਼ੋ ਹੈ ਅਤੇ ਸੂਬੇ ਦਾ ਕਿੰਨਾ ਸ਼ੇਅਰ ਰਿਲੀਜ਼ ਕੀਤਾ ਹੈ?

**ਮਾਨਯੋਗ ਸਪੀਕਰ :** ਤੁਸੀਂ ਕੋਈ ਸਪਲੀਮੈਂਟਰੀ ਕਰੋ ਜੀ।

**ਸਰਦਾਰ ਜਗਮੋਹਨ ਸਿੰਘ ਕੰਗ :** ਸੂਬੇ ਦਾ ਕਿੰਨਾ ਸ਼ੇਅਰ ਰਿਲੀਜ਼ ਕੀਤਾ ਹੈ ? ਉਸ ਦੀ ਕੀ ਰੇਸ਼ੋ ਬਣਦੀ ਹੈ? ਸ਼ਾਇਦ ਮਹਿਕਮੇ ਨੂੰ ਪਤਾ ਹੀ ਨਹੀਂ ਹੈ।

**ਮੰਤਰੀ :** ਸਪੀਕਰ ਸਾਹਿਬ, ਅਸੀਂ ਸੂਬੇ ਦਾ ਸਾਰਾ ਸ਼ੇਅਰ ਰਿਲੀਜ਼ ਕਰ ਦਿੱਤਾ ਹੈ, ਕੋਈ ਵੀ ਪੈਸਾ ਬਾਕੀ ਨਹੀਂ ਹੈ। ਜਦੋਂ ਵੀ ਸੈਂਟਰ ਤੋਂ ਫੰਡਜ਼ ਆ ਜਾਣਗੇ, ਉਸ ਵਿੱਚ ਰਾਜ ਸਰਕਾਰ ਦਾ ਹਿੱਸਾ ਨਾਲ ਦੀ ਨਾਲ ਪਾ ਕੇ ਫਿਰ ਪੈਸਾ ਜਾਰੀ ਕਰ ਦਿੱਤਾ ਜਾਵੇਗਾ। ਜਿੰਨੇ ਵੀ ਪੈਸੇ ਆਉਂਦੇ ਹਨ, ਉਸ ਵਿੱਚ ਜਿੰਨੇ ਪੈਸੇ ਸਰਕਾਰ ਨੇ ਪਾਉਣੇ ਹਨ ਉਹ ਪਾ ਕੇ ਅਸੀਂ ਜਾਰੀ ਕਰ ਦਿੰਦੇ ਹਾਂ।

**ਸਰਦਾਰ ਜਗਮੋਹਨ ਸਿੰਘ ਕੰਗ :** ਮੇਰਾ ਸਵਾਲ ਬੜਾ ਸਪੱਸ਼ਟ ਹੈ ਕਿ ਰਾਜ ਸਰਕਾਰ ਕਿੰਨੀ ਰੇਸ਼ੋ ਵਿੱਚ ਪੈਸਾ ਪਾਉਂਦੀ ਹੈ ਅਤੇ ਇਹ ਕਿੰਨੀ ਅਮਾਊਂਟ ਹੈ, ਇਸ ਬਾਰੇ ਇਹ ਦੱਸ ਦੇਣ।

**ਮਾਨਯੋਗ ਸਪੀਕਰ :** ਹਾਂ ਜੀ ਮੰਤਰੀ ਜੀ ਦੱਸੋ ਕਿ ਕਿੰਨਾ ਸੈਂਟਰ ਦਾ ਸ਼ੇਅਰ ਹੈ ਅਤੇ ਕਿੰਨਾ ਰਾਜ ਸਰਕਾਰ ਦਾ ਸ਼ੇਅਰ ਹੈ?

**ਮੰਤਰੀ :** ਸਪੀਕਰ ਸਾਹਿਬ, ਇਸ ਵਿੱਚ 90 ਪ੍ਰਤੀਸ਼ਤ ਸੈਂਟਰ ਸਰਕਾਰ ਅਤੇ 10 ਪ੍ਰਤੀਸ਼ਤ ਹਿੱਸਾ ਸੂਬਾ ਸਰਕਾਰ ਪਾਉਂਦੀ ਹੈ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਜਿਨ੍ਹਾਂ ਦਾ ਕੁਐਸਚਨ ਹੈ ਪਹਿਲਾਂ ਉਹ ਖੜ੍ਹੇ ਹਨ, ਮੈਂ ਤੁਹਾਨੂੰ ਕਿਸ ਤਰ੍ਹਾਂ ਪਹਿਲਾਂ ਟਾਈਮ ਦੇ ਦੇਵਾਂ। (ਵਿਘਨ)

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਜਦੋਂ ਮਨਰੇਗਾ ਮਜ਼ਦੂਰ ਕਾਮੇ ਰਜਿਸਟਰ ਕੀਤੇ ਜਾਂਦੇ ਹਨ, ਉਸ ਦਾ ਇੱਕ ਸਿਸਟਮ ਹੈ। ਇਹ ਪਿਕ ਐਂਡ ਚੂਜ਼ ਕਿਉਂ ਕਰਦੇ ਹਨ? ਇਨ੍ਹਾਂ ਦਾ ਹਲਕਾ ਇੰਚਾਰਜ ਕਹੇ ਤਾਂ ਉਨ੍ਹਾਂ ਨੂੰ ਰੱਖ ਲੈਂਦੇ ਹਨ ਪਰ ਸਾਡੀ ਲਿਸਟ ਰਹਿ ਜਾਂਦੀ ਹੈ। ਕੀ ਇਨ੍ਹਾਂ ਨੇ ਮਜ਼ਦੂਰ ਰਜਿਸਟਰ ਕਰਨ ਦਾ ਕੋਈ ਸਿਸਟਮ ਬਣਾਇਆ ਹੈ?

**ਮਾਨਯੋਗ ਸਪੀਕਰ :** ਕੰਗ ਸਾਹਿਬ, ਤੁਸੀਂ ਇੰਨੇ ਸਿਆਣੇ ਹੋ, ਤੁਸੀਂ ਕੋਈ ਸਪਲੀਮੈਂਟਰੀ ਪੁੱਛੋ, ਤੁਸੀਂ ਵੇਗ ਜਿਹਾ ਪੁੱਛੀ ਜਾਂਦੇ ਹੋ। (ਵਿਘਨ) (ਸ਼ੋਰ)

**ਸਰਦਾਰ ਜਗਮੋਹਨ ਸਿੰਘ ਕੰਗ :** ਇਹ ਦੱਸ ਦੇਣ ਕਿ ਮਨਰੇਗਾ ਦੇ ਮਜ਼ਦੂਰ ਕਿਵੇਂ ਰਜਿਸਟਰ ਕਰਦੇ ਹਨ? (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

-------

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਕਾਦੀਆਂ ਅਤੇ ਕਾਹਨੂੰਵਾਨ ਵਿਖੇ ਸਿਹਤ ਕੇਂਦਰਾਂ ਵਿਚ ਖਾਲੀ ਪਈਆਂ ਅਸਾਮੀਆਂ ਨੂੰ ਭਰਨਾ

***1738. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕਾਦੀਆਂ ਅਤੇ ਕਾਹਨੂੰਵਾਨ ਵਿਖੇ ਕਮਿਊਨਿਟੀ ਹੈਲਥ ਸੈਂਟਰਾਂ ਵਿੱਚ ਮਨਜੂਰਸ਼ੁਦਾ ਅਸਾਮੀਆਂ ਦੀ ਸ਼੍ਰੇਣੀਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿਚੋਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ?

(ਅ) ਉਪਰੋਕਤ ਵਰਣਿਤ ਖਾਲੀ ਅਸਾਮੀਆਂ ਕਦੋਂ ਤੋਂ ਖਾਲੀ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ,

(ੳ) ਕਾਦੀਆਂ ਅਤੇ ਕਾਹਨੂੰਵਾਨ ਵਿਖੇ ਕਮਿਊਨਿਟੀ ਹੈਲਥ ਸੈਂਟਰਾਂ ਵਿਚ ਵੱਖ ਵੱਖ ਮਨਜੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸੂਚਨਾ ਅਨੁਲਗ 'ੳ' ਤੇ ਰੱਖੀ ਜਾਂਦੀ ਹੈ।

(ਅ) ਵਿਭਾਗ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੇ ਉਪਰਾਲੇ ਕਰ ਰਿਹਾ ਹੈ।

### ਅਨੁੱਲਗ– 'ੳ'

ਸੰਸਥਾ ਦਾ ਨਾਮ : ਕਮਿਊਨਿਟੀ ਹੈਲਥ ਸੈਂਟਰ, ਕਾਦੀਆਂ

| ਲੜੀ ਨੰ: | ਅਸਾਮੀ ਦਾ ਨਾਮ | ਮਨਜੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਅਸਾਮੀਆਂ ਕਦੋਂ ਤੋਂ ਖਾਲੀ ਹਨ |
|---|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 1 | 0 | |
| 2. | ਮੈਡੀਕਲ ਅਫਸਰ (ਮੈਡੀਸਨ) | 1 | 0 | 1 | ਸਾਲ 2013 ਤੋਂ |

| | | | | | |
|---|---|---|---|---|---|
| 3. | ਮੈਡੀਕਲ ਅਫਸਰ (ਸਰਜਰੀ) | 1 | 0 | 1 | ਸਾਲ 2013 ਤੋਂ |
| 4. | ਮੈਡੀਕਲ ਅਫਸਰ (ਬੱਚਿਆਂ ਦੇ ਮਾਹਿਰ) | 1 | 0 | 1 | ਸਾਲ 2013 ਤੋਂ |
| 5. | ਮੈਡੀਕਲ ਅਫਸਰ (ਗਾਇਨੀ) | 1 | 0 | 1 | ਸਾਲ 2013 ਤੋਂ |
| 6. | ਮੈਡੀਕਲ ਅਫਸਰ (ਐਮ.ਬੀ.ਬੀ.ਐਸ.) | 1 | 0 | 1 | ਸਾਲ 2013 ਤੋਂ |
| 7. | ਮੈਡੀਕਲ ਅਫਸਰ (ਡੈਂਟਲ) | 1 | 1 | 0 | |
| 8. | ਨਰਸਿੰਗ ਸਿਸਟਰ | 1 | 1 | 0 | |
| 9. | ਸਟਾਫ ਨਰਸ | 6 | 6 | 0 | |
| 10. | ਫਾਰਮਾਸਿਸਟ | 2 | 2 | 0 | |
| 11. | ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-1 | 1 | 1 | 0 | |
| 12. | ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-2 | 1 | 1 | 0 | |
| 13. | ਰੇਡੀਓਗ੍ਰਾਫਰ | 2 | 2 | 0 | |
| 14. | ਟਰੇਂਡ ਦਾਈ | 1 | 1 | 0 | |
| 15. | ਦਰਜਾ-4 | 8 | 4 | 4 | |
| 16. | ਸਵੀਪਰ | 2 | 1 | 1 | |
| 17. | ਕੁੱਕ | 1 | 0 | 1 | |
| 18. | ਧੋਬੀ | 1 | 1 | 0 | |
| 19. | ਮਾਲੀ-ਕਮ-ਚੌਕੀਦਾਰ | 1 | 1 | 0 | |
| | ਕੁੱਲ | 34 | 23 | 11 | |

[ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

**ਸੰਸਥਾ ਦਾ ਨਾਮ : ਕਮਿਊਨਿਟੀ ਹੈਲਥ ਸੈਂਟਰ, ਕਾਹਨੂੰਵਾਨ**

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਅਸਾਮੀਆਂ ਕਦੋਂ ਤੋਂ ਖਾਲੀ ਹਨ |
|---|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 1 | 0 | |
| 2. | ਮੈਡੀਕਲ ਅਫਸਰ (ਮੈਡੀਸਨ) | 1 | 0 | 1 | ਸਾਲ 2013 ਤੋਂ |
| 3. | ਮੈਡੀਕਲ ਅਫਸਰ (ਸਰਜਰੀ) | 1 | 1 | 0 | |
| 4. | ਮੈਡੀਕਲ ਅਫਸਰ (ਬੱਚਿਆਂ ਦੇ ਮਾਹਿਰ) | 1 | 0 | 1 | ਸਾਲ 2013 ਤੋ |
| 5. | ਮੈਡੀਕਲ ਅਫਸਰ (ਗਾਇਨੀ) | 1 | 1 | 0 | |
| 6. | ਮੈਡੀਕਲ ਅਫਸਰ (ਐਮ.ਬੀ.ਬੀ.ਐਸ.) | 1 | 1 | 0 | |
| 7. | ਮੈਡੀਕਲ ਅਫਸਰ (ਡੈਂਟਲ) | 1 | 1 | 0 | |
| 8. | ਨਰਸਿੰਗ ਸਿਸਟਰ | 1 | 1 | 0 | |
| 9. | ਸਟਾਫ ਨਰਸ | 6 | 6 | 0 | |
| 10. | ਐਲ.ਐਚ.ਵੀ. | 1 | 1 | 0 | |
| 11. | ਬਲਾਕ ਐਕਸਟੈਨਸ਼ਨ ਐਜੂਕੇਟਰ | 1 | 1 | 0 | |
| 12. | ਫਾਰਮਾਸਿਸਟ ਗ੍ਰੇਡ-1 | 1 | 1 | 0 | |
| 13. | ਫਾਰਮਾਸਿਸਟ ਗ੍ਰੇਡ-2 | 1 | 1 | 0 | |

| | | | | |
|---|---|---|---|---|
| 14. | ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ-1 | 3 | 3 | 0 |
| 15. | ਰੇਡੀਓਗ੍ਰਾਫਰ | 2 | 2 | 0 |
| 16. | ਡਰਾਈਵਰ | 2 | 1 | 1 |
| 17. | ਦਰਜਾ-4 | 9 | 9 | 0 |
| 18. | ਸਵੀਪਰ | 4 | 4 | 0 |
| 19. | ਕੁੱਕ | 1 | 1 | 0 |
| 20. | ਧੋਬੀ | 1 | 1 | 0 |
| 21. | ਮਾਲੀ-ਕਮ-ਚੌਂਕੀਦਾਰ | 2 | 1 | 1 |
| | ਕੁੱਲ | 42 | 38 | 4 |

----

## ਰੇਲਵੇ ਪੁਲ ਬੁਰਜੀ ਨੰ: 362 ਨੂੰ ਚੌੜਾ ਕਰਨਾ

***1748. ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤੁੰਗਵਾੜੀ ਮਾਈਨਰ ਤੇ ਬੁਰਜੀ ਨੰ: 362 ਵਾਲਾ ਰੇਲਵੇ ਪੁਲ ਜੋ ਪਾਣੀ ਦੀ ਸਮਰੱਥਾ ਮੁਤਾਬਿਕ ਬਹੁਤ ਤੰਗ ਹੈ, ਨੂੰ ਖੁੱਲ੍ਹਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਇਸ ਪ੍ਰਸ਼ਨ ਦਾ ਸਬੰਧ ਸਿੰਚਾਈ ਵਿਭਾਗ ਨਾਲ ਹੈ। ਤੁੰਗਵਾਲੀ (ਤੁੰਗਵਾੜੀ) ਮਾਈਨਰ ਤੇ ਬੁਰਜੀ ਨੰਬਰ 362 ਵਾਲਾ ਰੇਲਵੇ ਪੁਲ (ਮਾਈਨਰ ਦੀ ਬੁਰਜੀ 33500) ਨੂੰ ਖੁੱਲ੍ਹਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।ਇਸ ਬੁਰਜੀ ਤੇ ਮਾਈਨਰ ਆਪਣੀ ਸਮਰੱਥਾ ਅਨੁਸਾਰ ਪੂਰਾ ਪਾਣੀ ਲੈ ਰਿਹਾ ਹੈ ਅਤੇ ਟੇਲ ਬੁਰਜੀ 42026 ਤੇ ਲੋੜ ਅਨੁਸਾਰ ਪਾਣੀ ਪਹੁੰਚ ਰਿਹਾ ਹੈ।

----

## UNSTARRED QUESTIONS AND ANSWERS

### ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ: 133*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।

----

### ਬਿਨਾ ਨਿਸ਼ਾਨ ਵਾਲਾ ਪ੍ਰਸ਼ਨ ਨੰ: 134*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।

----

### ਹਲਕਾ ਦਸੂਹਾ ਦੇ ਸ਼ਹਿਰੀ ਖੇਤਰ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਕਰਨਾ

**139. ਸ਼੍ਰੀਮਤੀ ਸੁਖਜੀਤ ਕੌਰ ਸਾਹੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਹਲਕਾ ਦਸੂਹਾ ਦੇ ਸ਼ਹਿਰੀ ਖੇਤਰ ਵਿੱਚ ਪੀਣ ਵਾਲੇ ਪਾਣੀ ਦੀਆਂ ਮੋਟਰਾਂ/ਪੰਪ ਖਰਾਬ ਹੋਣ ਦੀ ਸੂਰਤ ਵਿੱਚ ਰਿਪੇਅਰ ਲਈ ਭੇਜਣ ਉਪਰੰਤ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਉਣ ਲਈ ਵਿਭਾਗ ਕੋਲ ਕਿਹੜੇ ਸਾਧਨ ਹਨ;

(ਅ) ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦੇ ਸਿਟੀ ਏਰੀਆ ਵਿੱਚ ਪੀਣ ਵਾਲਾ ਪਾਣੀ ਕਾਫੀ ਦੂਸ਼ਿਤ ਹੋ ਚੁੱਕਾ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਹਲਕੇ ਵਿੱਚ ਵਿਭਾਗ ਵੱਲੋਂ ਨਵੇਂ ਟਿਊਬਵੈੱਲ ਲਗਾਉਣ ਲਈ ਸਤੰਬਰ, 2014 ਵਿੱਚ ਭੇਜੀ ਗਈ ਪ੍ਰੋਪੋਜਲ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

**ਸ਼੍ਰੀ ਅਨਿਲ ਜੋਸ਼ੀ :** (ੳ) ਨਗਰ ਕੌਂਸਲ, ਦਸੂਹਾ ਦੇ ਖੇਤਰ ਵਿੱਚ ਜਦੋਂ ਕਦੇ ਟਿਊਬਵੈਲਾਂ ਦੀਆਂ ਮੋਟਰਾਂ/ਪੰਪ ਖਰਾਬ ਹੋ ਜਾਂਦੇ ਹਨ ਤਾਂ ਲੋੜ ਅਨੁਸਾਰ ਟਰੈਕਟਰ-ਟੈਂਕਰਾਂ ਰਾਹੀਂ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ।

---

*Replies to Unstarred Question No. 133 and 134 have not been received till 18.9.2015 i.e. the date on which this Debates was sent to the Press for final printing.

(ਅ) ਨਗਰ ਕੌਂਸਲ, ਦਸੂਹਾ ਦੇ ਹਦੂਦ ਅੰਦਰ ਪੀਣ ਵਾਲਾ ਪਾਣੀ ਦੂਸ਼ਿਤ ਨਹੀਂ ਹੈ। ਫਿਰ ਵੀ ਪ੍ਰਸ਼ਾਸਕ-ਕਮ-ਉਪ ਮੰਡਲ ਮੈਜਿਸਟਰੇਟ ਵੱਲੋਂ ਨਵੇਂ ਟਿਊਬਵੈੱਲ ਲਗਾਉਣ ਲਈ ਕਿਸੇ ਹੋਰ ਸਰਕਾਰੀ ਯੋਜਨਾ ਵਿੱਚੋਂ ਫੰਡਾਂ ਦਾ ਉਪਬੰਧ ਕਰਾਉਣ ਲਈ ਮਤਾ ਨੰ:134 ਮਿਤੀ 02.12.14 ਪਾਸ ਕੀਤਾ ਗਿਆ ਹੈ। ਨਗਰ ਕੌਂਸਲ, ਦਸੂਹਾ ਵੱਲੋਂ ਪੱਤਰ ਨੰ:2232 ਮਿਤੀ 03.12.2014 ਰਾਹੀਂ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੂੰ ਗ੍ਰਾਂਟ ਦੇਣ ਲਈ ਲਿਖਿਆ ਹੈ।

(ੲ) ਮਿਤੀ 10.6.2014 ਨੂੰ ਪਾਣੀ ਟੈਸਟ ਕੀਤਾ ਗਿਆ।

----

## ਹਲਕਾ ਦਸੂਹਾ ਦੇ ਦਿਹਾਤੀ ਖੇਤਰ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਕਰਨਾ

**140. ਸ਼੍ਰੀਮਤੀ ਸੁਖਜੀਤ ਕੌਰ ਸਾਹੀ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਦਿਹਾਤੀ ਖੇਤਰ ਵਿਚ ਪੀਣ ਵਾਲੇ ਪਾਣੀ ਦੀਆਂ ਮੋਟਰਾਂ/ਪੰਪ ਖਰਾਬ ਹੋਣ ਦੀ ਸੂਰਤ ਵਿੱਚ ਰਿਪੇਅਰ ਲਈ ਭੇਜਣ ਉਪਰੰਤ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਉਣ ਲਈ ਵਿਭਾਗ ਕੋਲ ਕਿਹੜੇ ਸਾਧਨ ਹਨ?

**ਸਰਦਾਰ ਸੁਰਜੀਤ ਸਿੰਘ ਰੱਖੜਾ :** ਦਿਹਾਤੀ ਖੇਤਰ ਵਿੱਚ ਪੀਣ ਵਾਲੇ ਪਾਣੀ ਦੀਆਂ ਮੋਟਰਾਂ/ਪੰਪ ਖਰਾਬ ਹੋਣ ਦੀ ਸੂਰਤ ਵਿਚ ਉਨ੍ਹਾਂ ਦੀ ਰਿਪੇਅਰ ਅਤੇ ਰੱਖ ਰਖਾਓ ਲਈ ਵਿਭਾਗ ਨੂੰ ਨੈਸ਼ਨਲ ਰੂਰਲ ਡਰਿਕਿੰਗ ਵਾਟਰ ਪ੍ਰੋਗਰਾਮ (NRDWP) ਤਹਿਤ ਮਿਲਣ ਵਾਲੀ ਐਲੋਕੇਸ਼ਨ ਦੇ ਲਗਭਗ 15 ਪ੍ਰਤੀਸ਼ਤ ਫੰਡ ਵਰਤੇ ਜਾਂਦੇ ਹਨ ਅਤੇ ਖਰਾਬੀ ਸਬੰਧੀ ਕੋਈ ਵੀ ਰਿਪੋਰਟ ਪ੍ਰਾਪਤ ਹੋਣ ਤੇ ਉਸ ਨੂੰ ਫੌਰੀ ਤੌਰ ਤੇ ਠੀਕ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇਕਰ ਮਸ਼ੀਨਰੀ ਵਿਚ ਜ਼ਿਆਦਾ ਖਰਾਬੀ ਹੋਵੇ ਤਾਂ ਪਿੰਡਾਂ ਦੇ ਵਸਨੀਕਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਕਲੋਰੀਨੇਸ਼ਨ ਕਰਕੇ ਟੈਂਕਰਾਂ ਰਾਹੀਂ ਮੁਹੱਈਆ ਕਰਵਾਈ ਜਾਂਦੀ ਹੈ।

----

## ਇੰਦਰਾ ਅਵਾਸ ਯੋਜਨਾ ਅਧੀਨ ਜਾਰੀ ਕੀਤੀ ਗਈ ਰਕਮ

**144. ਸ਼੍ਰੀਮਤੀ ਅਰੁਨਾ ਚੌਧਰੀ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦੀਨਾ ਨਗਰ ਹਲਕੇ ਵਿੱਚ ਕੇਂਦਰ ਸਰਕਾਰ ਦੁਆਰਾ ਚਲਾਈ ਜਾ ਰਹੀ ਇੰਦਰਾ ਅਵਾਸ ਯੋਜਨਾ ਅਤੇ ਰਾਜ ਸਰਕਾਰ ਦੀ ਸਕੀਮ ਅਧੀਨ ਅਪ੍ਰੈਲ, 2007 ਤੋਂ ਹੁਣ ਤੱਕ ਗਰੀਬਾਂ ਨੂੰ ਮਕਾਨ ਬਣਾਉਣ/ਮੁਰੰਮਤ ਕਰਵਾਉਣ ਲਈ ਜਾਰੀ ਕੀਤੀ ਰਕਮ ਦੇ ਵੇਰਵੇ ਕੀ ਹਨ ਅਤੇ ਉਕਤ ਸਕੀਮ ਅਧੀਨ ਕਵਰ ਕੀਤੇ ਗਏ/ਕਵਰ ਕੀਤੇ ਜਾਣ ਵਾਲੇ ਲਾਭਪਾਤਰਾਂ ਦੇ ਨਾਂ ਅਤੇ ਪਤੇ ਕੀ-ਕੀ ਹਨ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਅਪ੍ਰੈਲ, 2007 ਤੋਂ ਲੈ ਕੇ ਹੁਣ ਤੱਕ ਦੀਨਾ ਨਗਰ ਹਲਕੇ ਵਿੱਚ ਕੇਂਦਰ ਸਰਕਾਰ ਦੁਆਰਾ ਲਾਗੂ ਕੀਤੀ ਜਾ ਰਹੀ ਇੰਦਰਾ ਅਵਾਸ ਯੋਜਨਾ ਤਹਿਤ ਨਵੀਂ ਉਸਾਰੀ ਵਾਲੇ 691 ਲਾਭਪਾਤਰਾਂ ਦੇ ਮਕਾਨ ਬਣਾਏ ਗਏ ਜਿਨ੍ਹਾਂ ਲਈ 256.25 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ। ਇਸ ਤੋਂ ਇਲਾਵਾ 419 ਲਾਭਪਾਤਰਾਂ ਦੇ ਮਕਾਨਾਂ ਦੀ ਮੁਰੰਮਤ ਕੀਤੀ ਗਈ ਜਿਨ੍ਹਾਂ ਲਈ 61.60 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ। ਇਸ ਤਰ੍ਹਾਂ ਦੀਨਾ ਨਗਰ ਹਲਕੇ ਵਿੱਚ ਕੁੱਲ 1110 ਲਾਭਪਾਤਰਾਂ ਦੇ ਲਈ ਕੁੱਲ 317.85 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ। ਲਾਭਪਾਤਰ ਵਾਈਜ਼ ਲਿਸਟਾਂ ਨਾਲ ਨੱਥੀ * ਹਨ। ਦੀਨਾ ਨਗਰ ਹਲਕੇ ਦੀ ਇੰਦਰਾ ਅਵਾਸ ਯੋਜਨਾ ਤਹਿਤ ਬੀ.ਪੀ.ਐਲ. ਸਰਵੇ 2002 ਅਨੁਸਾਰ ਤਿਆਰ ਕੀਤੀ ਗਈ ਵੇਟ ਲਿਸਟ ਵਿੱਚ ਸ਼ਾਮਲ ਸਾਰੇ ਹੀ ਯੋਗ ਲਾਭਪਾਤਰਾਂ ਨੂੰ ਗ੍ਰਾਂਟ ਦਿੱਤੀ ਜਾ ਚੁੱਕੀ ਹੈ।

-----

## ਰਾਜ ਵਿੱਚ ਹੱਤਿਆਵਾਂ, ਅਗਵਾ, ਲੁੱਟਮਾਰ ਅਤੇ ਨਸ਼ੇ ਦੀ ਤਸਕਰੀ ਦੇ ਕੇਸਾਂ ਸਬੰਧੀ

**149. ਰਾਣਾ ਗੁਰਜੀਤ ਸਿੰਘ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਪੰਜ ਸਾਲਾਂ (ਨਵੰਬਰ, 2014 ਤੱਕ) ਦੌਰਾਨ ਰਾਜ ਵਿੱਚ ਦਰਜ ਕੀਤੇ ਗਏ ਹੱਤਿਆਵਾਂ, ਅਗਵਾ ਕਰਨ, ਲੁੱਟ ਮਾਰ ਅਤੇ ਨਸ਼ੇ ਦੀ ਤਸਕਰੀ ਦੇ ਵੱਖ ਵੱਖ ਕੇਸਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਕੇਸਾਂ ਵਿੱਚ ਦੋਸ਼ੀ ਠਹਿਰਾਏ ਗਏ ਮੁਲਜ਼ਮਾਂ ਦੇ ਕੇਸਾਂ ਦੀ ਗਿਣਤੀ ਕਿੰਨੀ ਹੈ?

*Placed in the Revisor Branch.

**ਸਰਦਾਰ ਸੁਖਬੀਰ ਸਿੰਘ ਬਾਦਲ :** ਸ਼੍ਰੀਮਾਨ ਜੀ, ਪਿਛਲੇ ਪੰਜ ਸਾਲਾਂ (ਨਵੰਬਰ, 2014) ਤੱਕ ਦੌਰਾਨ ਰਾਜ ਵਿੱਚ ਦਰਜ ਕੀਤੇ ਗਏ ਹੱਤਿਆਵਾਂ, ਅਗਵਾ ਕਰਨ, ਲੁੱਟ ਮਾਰ ਅਤੇ ਨਸ਼ੇ ਦੀ ਤਸਕਰੀ ਦੇ ਵੱਖ ਵੱਖ ਕੇਸਾਂ ਦੀ ਜ਼ਿਲ੍ਹਾ ਵਾਰ ਗਿਣਤੀ ਅਤੇ ਇਨ੍ਹਾਂ ਕੇਸਾਂ ਵਿੱਚ ਦੋਸ਼ੀ ਠਹਿਰਾਏ ਗਏ ਮੁਲਜ਼ਮਾਂ ਦੇ ਕੇਸਾਂ ਦੀ ਗਿਣਤੀ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

## ਅਨੁਲੱਗ ੳ

## ਪਿਛਲੇ 5 ਸਾਲਾਂ ਵਿਚ ਜ਼ਿਲ੍ਹੇਵਾਰ ਹੱਤਿਆਵਾਂ, ਅਗਵਾ, ਲੁੱਟ-ਮਾਰ ਅਤੇ ਨਸ਼ਾ ਤਸਕਰੀ ਸਬੰਧੀ ਦਰਜ ਅਤੇ ਸਜ਼ਾ ਕੇਸ (2010 ਤੋਂ 2014 (30.11.14)

| | ਹੱਤਿਆਵਾਂ | | ਅਗਵਾ | | ਲੁੱਟ ਮਾਰ | | ਨਸ਼ਾ ਤਸਕਰੀ | |
|---|---|---|---|---|---|---|---|---|
| ਜ਼ਿਲ੍ਹਾ | ਦਰਜ ਕੇਸ | ਸਜ਼ਾ ਕੇਸ | ਦਰਜ ਕੇਸ | ਸਜ਼ਾ ਕੇਸ | ਦਰਜ ਕੇਸ | ਸਜ਼ਾ ਕੇਸ | ਦਰਜ ਕੇਸ | ਸਜ਼ਾ ਕੇਸ |
| ਕਮਿਸ਼ਨਰ ਪੁਲਿਸ, ਅੰਮ੍ਰਿਤਸਰ | 174 | 63 | 270 | 32 | 65 | 17 | 3152 | 1136 |
| ਕਮਿਸ਼ਨਰ ਪੁਲਿਸ, ਜਲੰਧਰ | 111 | 61 | 290 | 24 | 81 | 12 | 3111 | 1810 |
| ਕਮਿਸ਼ਨਰ ਪੁਲਿਸ, ਲੁਧਿਆਣਾ | 378 | 157 | 689 | 40 | 97 | 23 | 1915 | 538 |
| ਤਰਨ ਤਾਰਨ | 198 | 70 | 144 | 7 | 17 | 6 | 3616 | 1635 |
| ਅੰਮ੍ਰਿਤਸਰ ਰੂਰਲ | 228 | 50 | 255 | 11 | 38 | 2 | 2612 | 375 |
| ਗੁਰਦਾਸਪੁਰ | 73 | 36 | 158 | 9 | 11 | 1 | 750 | 266 |

[ ਉਪ ਮੁੱਖ ਮੰਤਰੀ ]

| | | | | | | | | |
|---|---|---|---|---|---|---|---|---|
| ਬਟਾਲਾ | 111 | 46 | 138 | 6 | 21 | 1 | 1298 | 495 |
| ਪਠਾਨਕੋਟ | 46 | 32 | 75 | 5 | 6 | 4 | 558 | 379 |
| ਜਲੰਧਰ ਰੂਰਲ | 198 | 67 | 169 | 13 | 118 | 15 | 2683 | 1065 |
| ਹੁਸ਼ਿਆਰਪੁਰ | 228 | 100 | 199 | 8 | 132 | 27 | 1644 | 778 |
| ਕਪੂਰਥਲਾ | 134 | 41 | 162 | 10 | 82 | 20 | 1984 | 854 |
| ਪਟਿਆਲਾ | 233 | 116 | 253 | 30 | 18 | 11 | 3724 | 2257 |
| ਸੰਗਰੂਰ | 189 | 98 | 199 | 17 | 18 | 2 | 2679 | 1276 |
| ਬਰਨਾਲਾ | 77 | 38 | 107 | 9 | 7 | 0 | 702 | 366 |
| ਲੁਧਿਆਣਾ ਰੂਰਲ | 96 | 25 | 159 | 11 | 14 | 6 | 1398 | 301 |
| ਖੰਨਾ | 99 | 37 | 118 | 6 | 25 | 7 | 1078 | 222 |
| ਫਤਹਿਗੜ੍ਹ ਸਾਹਿਬ | 70 | 43 | 80 | 6 | 18 | 6 | 1359 | 586 |
| ਰੋਪੜ | 102 | 44 | 160 | 6 | 12 | 7 | 519 | 292 |
| ਐਸ.ਏ.ਐਸ. ਨਗਰ | 127 | 60 | 318 | 6 | 31 | 6 | 465 | 127 |
| ਐਸ.ਬੀ.ਐਸ. ਨਗਰ | 85 | 55 | 69 | 5 | 72 | 33 | 1106 | 947 |
| ਫਿਰੋਜ਼ਪੁਰ | 166 | 69 | 123 | 19 | 13 | 4 | 1898 | 1217 |
| ਫਰੀਦਕੋਟ | 98 | 43 | 74 | 4 | 14 | 2 | 1139 | 446 |
| ਮੋਗਾ | 153 | 44 | 139 | 9 | 27 | 10 | 1690 | 628 |
| ਫਾਜ਼ਿਲਕਾ | 120 | 48 | 139 | 12 | 6 | 0 | 1874 | 1658 |
| ਮੁਕਤਸਰ | 119 | 62 | 149 | 17 | 11 | 2 | 1148 | 795 |
| ਬਠਿੰਡਾ | 247 | 113 | 244 | 28 | 22 | 6 | 2381 | 888 |
| ਮਾਨਸਾ | 122 | 67 | 64 | 7 | 3 | 3 | 1867 | 941 |

| | | | | | | | | |
|---|---|---|---|---|---|---|---|---|
| ਜੀ.ਆਰ.ਪੀ. | 40 | 20 | 6 | 0 | 3 | 0 | 1023 | 442 |
| ਟੋਟਲ | 4022 | 1705 | 4950 | 357 | 982 | 233 | 49353 | 22720 |

----

# MATTERS RAISED DURING ZERO HOUR AND STATEMENTS MADE BY THE CHIEF MINISTER/ MINISTERS THEREON

**ਮਾਨਯੋਗ ਸਪੀਕਰ :** ਹੁਣ ਏਜੰਡੇ ਦੀ ਅਗਲੀ ਆਈਟਮ ਲੈਂਦੇ ਹਾਂ। ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਪਹਿਲਾਂ ਜ਼ੀਰੋ ਆਵਰ ਹੈ ਜੀ। ਫਿਰ ਜ਼ੀਰੋ ਆਵਰ ਕਦੋਂ ਦਿਉਗੇ?

**ਮਾਨਯੋਗ ਸਪੀਕਰ :** ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਤੋਂ ਬਾਅਦ... (ਵਿਘਨ.) ਹਾਂ ਜੀ, ਸ਼੍ਰੀ ਮਦਨ ਮੋਹਨ ਮਿੱਤਲ ਜੀ। (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜ਼ੀਰੋ ਆਵਰ ਤਾਂ ਪਹਿਲਾਂ ਹੁੰਦਾ ਹੈ।

**ਮਾਨਯੋਗ ਸਪੀਕਰ :** ਚਲੋ, ਜ਼ੀਰੋ ਅਵਰ ਪਹਿਲਾਂ ਲੈ ਲਵੋ। Sorry…very sorry, ਤੁਸੀਂ ਜ਼ੀਰੋ ਆਵਰ ਪਹਿਲਾਂ ਲੈ ਲਵੋ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਆਨਰੇਬਲ ਪਾਰਲੀਮਾਨੀ ਮਨਿਸਟਰ ਸਾਹਿਬ ਦਾ ਮੂਡ ਦੇਖ ਰਿਹਾ ਸੀ ਕਿ ਉਹ ਅੱਜ ਵੀ ਬੜੀ ਤਲਖੀ ਵਿਚ ਉੱਠੇ ਹਨ। I am sorry, ਮੇਰੇ ਵੱਲੋਂ ਕੱਲ੍ਹ ਜੋ ਕੁਝ ਉਨ੍ਹਾਂ ਬਾਰੇ ਕਿਹਾ ਸੀ ਮੈਂ ਪਰਸਨਲੀ ਤੌਰ ਤੇ ਉਨ੍ਹਾਂ ਕੋਲੋਂ ਉਸ ਗੱਲ ਦੀ ਮੁਆਫੀ ਮੰਗਦਾ ਹਾਂ। ਅਗਰ ਮੈਂ ਇਨ੍ਹਾਂ ਦੀ ਕੋਈ ਭਾਵਨਾ ਹਰਟ ਕੀਤੀ ਹੈ, ਅਗਰ ਮੈਂ ਕੋਈ ਇਨ੍ਹਾਂ ਦੀ ਸ਼ਾਨ ਵਿਚ ਕੋਈ ਗੁਸਤਾਖੀ ਕਰ ਗਿਆ ਹੋਵਾਂ, I am sorry for that, because ਮੈਂ ਇਨ੍ਹਾਂ ਦੀ ਕਦਰ ਕਰਦਾ ਹਾਂ। ਵੈਸੇ ਤਾਂ ਬਣਦਾ ਸੀ ਕਿ ਮੈਂ ਇਨ੍ਹਾਂ ਦੇ ਖਿਲਾਫ ਪ੍ਰੀਵਿਲੇਜ ਲੈ ਕੇ ਆਉਂਦਾ। ਕੱਲ੍ਹ ਜੋ ਕੁਝ ਤੁਹਾਡੇ ਸਾਹਮਣੇ ਹੋਇਆ, you allowed it. ਤੁਸੀਂ ਦੂਜਿਆਂ ਨੂੰ ਤਾਂ ਕਹਿੰਦੇ ਹੋ ਕਿ ਮੈਂ ਉਨ੍ਹਾਂ ਦੇ ਰਿਮਾਰਕਸ ਐਕਸਪੰਜ ਕਰ ਦਿੱਤੇ ਹਨ। ਇਨ੍ਹਾਂ ਨੇ ਕੱਲ੍ਹ ਕਿਹਾ ਹੈ ਕਿ **

**ਮਾਨਯੋਗ ਸਪੀਕਰ :** ਨਹੀਂ, ਨਹੀਂ, ਇਹ ਕਿਤੇ ਨਹੀਂ ਕਿਹਾ। I can not tolerate these words.

**Shri Sunil Jakhar :** Sir, you have tolerated it. ਸਰ, ਮੈਂ ਤੁਹਾਨੂੰ ਇਸ ਦੀ ਵੀਡੀਉ ਦਿਖਾ ਸਕਦਾ ਹਾਂ, ਜਿਹੜੀ ਅਸੀਂ ਉਥੇ ਕਰ ਰੱਖੀ ਹੈ।

**ਮਾਨਯੋਗ ਸਪੀਕਰ :** ਰੌਲੇ ਵਿਚ ਨਾ ਸੁਣਿਆ ਹੋਵੇ, ਉਹ ਇਕ ਵੱਖਰੀ ਗੱਲ ਹੈ, otherwise, I would have expunged it.

ਸ਼੍ਰੀ ਸੁਨੀਲ ਜਾਖੜ : **

**Mr. Speaker :** To be very frank, ਜਾਖੜ ਸਾਹਿਬ, ਰੌਲੇ ਵਿਚ ਕਿਤੇ ਨਾ ਸੁਣਿਆ ਗਿਆ ਹੋਵੇ ਤਾਂ ਵੱਖਰੀ ਗੱਲ ਹੈ, ਅਦਰਵਾਈਜ਼ ਮੈਂ ਇਹੋ ਜਿਹੇ ਲਫਜ਼ ਆਉਣ ਹੀ ਨਹੀਂ ਦਿੰਦਾ। ਹੁਣ ਤੁਸੀਂ ਮੇਰੀ ਨਾਲੇਜ ਵਿਚ ਲੈ ਆਂਦਾ ਹੈ, I will expunge it.

**ਸ਼੍ਰੀ ਸੁਨੀਲ ਜਾਖੜ :** ਦੇਖੋ, ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਵੋ, (ਵਿਘਨ) Do not interrupt me. ਤੁਸੀਂ ਇੰਟਰੱਪਟ ਕਰੀ ਜਾਂਦੇ ਹੋ। ਦੇਖੋ, ਡਰੋ ਨਾ, ਮੈਂ ਕਿਹੜਾ ਕੋਈ ਪ੍ਰੀਵਿਲੇਜ ਮੋਸ਼ਨ ਲੈ ਕੇ ਆਉਣਾ ਹੈ..(ਵਿਘਨ)

**ਮਾਨਯੋਗ ਸਪੀਕਰ :** ਜੇਕਰ ਫਿਰ ਵੀ ਕੋਈ ਇਹੋ ਜਿਹੀ ਗੱਲ ਹੈ ਤਾਂ ਮੈਂ ਉਸ ਨੂੰ ਐਗਜਾਮਿਨ ਕਰ ਲਵਾਂਗਾ।

**Shri Sunil Jakhar :** Speaker Sahib, let me speak. ਮੈਂ ਕੱਲ੍ਹ ਵੀ ਤੁਹਾਨੂੰ ਗੁਜ਼ਾਰਿਸ਼ ਕੀਤੀ ਸੀ ਕਿ ਜਾਂ ਤਾਂ ਤੁਸੀਂ ਸਾਨੂੰ ਸਸਪੈਂਡ ਕਰ ਦਿਉ ਨਹੀਂ ਤਾਂ ਸਾਡੀ ਗੱਲ ਤਾਂ ਸੁਣ ਲਵੋ।

**ਮਾਨਯੋਗ ਸਪੀਕਰ :** ਮੈਂ ਕਿਉਂ ਸਸਪੈਂਡ ਕਰਾਂ? (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਹਰ ਇੱਕ ਦੀ ਇੱਜ਼ਤ ਕਰਦਾ ਹਾਂ। ਮੈਂ ਆਪਣੇ ਤੋਂ ਛੋਟੇ ਦੀ ਅਤੇ ਵੱਡੇ ਦੀ ਵੀ ਇੱਜ਼ਤ ਕਰਦਾ ਹਾਂ। He is colleague of my father. ਕੱਲ੍ਹ ਉਨ੍ਹਾਂ ਨੇ ਰੈਫਰ ਕੀਤਾ ਸੀ ਕਿ ਕਈ ਇਥੇ ***ਕਰ ਰਹੇ ਸਨ, their fore-fathers have been in this House and

**Expunged as ordered by the Chair.

what not. ਇਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਕਰਨਾ ਚਾਹੀਦਾ ਹੈ, ਡਾਕਟਰ ਕੋਲ ਲੈ ਕੇ ਜਾਣਾ ਚਾਹੀਦਾ ਹੈ। ਮੈਂ ਕੋਈ ਰੱਬ ਨਹੀਂ but still I forgive him all because he had been a colleague of my father. ਜਿਸ ਤਰ੍ਹਾਂ ਸਾਡੇ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਇਨ੍ਹਾਂ ਦਾ ਪਿਛੋਕੜ ਦੇਖ ਕੇ ਮੈਂ ਸਾਰਾ ਕੁਝ ਮੁਆਫ ਕੀਤਾ ਹੈ। I do not hold anything against him.

**ਮਾਨਯੋਗ ਸਪੀਕਰ :** ਜੇਕਰ ਆਪਾਂ ਪ੍ਰਧਾਨ ਮੰਤਰੀ ਲਫਜ਼ ਨਾਲ ਹੀ ਸਾਰ ਲਈਏ,** ਨਾ ਕਹੀਏ।

**ਸ਼੍ਰੀ ਸੁਨੀਲ ਜਾਖੜ :** ਮੈਂ ਤਾਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਕਰ ਲਵੋ, ਜਿੰਨਾ ਨਾ ਲਵੋ, ਵਧੀਆ ਹੈ। ** ਕਰਦੇ ਫਿਰਦੇ ਸਨ। ਮੈਂ ਤਾਂ ਨਾਂ ਹੀ ਲਿਆ ਹੈ। ਠੀਕ ਹੈ, ਐਕਸਪੰਜ ਕਰ ਦਿਉ। ਕੀ ** ਲਫਜ਼ ਅਨਪਾਰਲੀਮੈਂਟਰੀ ਸ਼ਬਦ ਹੋ ਗਿਆ ਹੈ। (ਸ਼ੋਰ)

**ਮਾਨਯੋਗ ਸਪੀਕਰ :** ਮੇਰੀ ਬੇਨਤੀ ਸੁਣ ਲਵੋ। ਮੈਂ ਇਹੀ ਕਹਿੰਦਾ ਹਾਂ ਕਿ ਜਿਹੜਾ ਬੰਦਾ ਇਥੇ ਗੈਰਹਾਜ਼ਰ ਹੈ, ਉਸ ਦਾ ਨਾਮ ਨਹੀਂ ਲੈਣਾ ਚਾਹੀਦਾ।

**ਸ਼੍ਰੀ ਸੁਨੀਲ ਜਾਖੜ :** ਮੈਂ ਤਾਂ ਫਿਰ ਆਵਾਂਗਾ, ਮੈਂ ਤਾਂ ਕਹਿਣ ਲੱਗਾ ਹਾਂ ਇਕ ਦਿਨ, there is a big dichotomy… (interruptions)

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸਰ, ਇਹ ** ਦੇ ਨਾਂ ਤੋਂ ਹੀ ਡਰ ਡਰ ਕੇ ਉਠਦੇ ਹਨ।

**ਸ਼੍ਰੀ ਸੁਨੀਲ ਜਾਖੜ :** ਠੀਕ ਹੈ, ਡਰਨਾ ਹੀ ਚਾਹੀਦਾ ਹੈ।

**ਸਥਾਨਕ ਸਰਕਾਰ ਮੰਤਰੀ :** ਜਾਖੜ ਸਾਹਿਬ, ਤੁਹਾਡੇ 80% ਬੰਦੇ ** ਕਰਦੇ ਫਿਰਦੇ ਹਨ।

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ):** ਚਲੋ, ਅਸੀਂ ਤਾਂ ** ਤੋਂ ਡਰਦੇ ਹਾਂ, ਤੁਸੀਂ ਤਾਂ ਮਜੀਠੀਆ ਤੋਂ ਹੀ ਡਰਦੇ ਹੋ। (.ਸ਼ੋਰ.) (ਆਪੋਜ਼ੀਸ਼ਨ ਬੈਂਚਿੰਜ਼ ਵੱਲੋਂ ਹਾਸਾ) (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਜਾਖੜ ਸਾਹਿਬ ।

---

**Expunged as per ruling dated 13.03.2013.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, (ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਵੱਲੋਂ ਵਿਘਨ..) ਮਲੂਕਾ ਜੀ, ਦੇਖੋ, ਉਨ੍ਹਾਂ ਨੇ ਤੁਹਾਡੇ ਖਿਲਾਫ ਵੋਟ ਨਹੀਂ ਪਾਇਆ, ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਹਰੇਕ ਜਗ੍ਹਾ ਤੇ ਦੀਵਾਰ ਬਣ ਕੇ ਖੜ੍ਹ ਜਾਵੋ। ਮੈਨੂੰ ਗੱਲ ਕਰ ਲੈਣ ਦਿਉ..... (ਵਿਘਨ..) ਤੁਸੀਂ ਤਾਂ ਸਾਰੀ ਗੱਲ ਹੀ ਖਰਾਬ ਕਰ ਦਿੱਤੀ ਹੈ. (ਵਿਘਨ)..

**Mr Speaker :** Please listen, ਮੈਂ ਤਾਂ ਤੁਹਾਨੂੰ ਡਿਸਟਰਬ ਨਹੀਂ ਕਰ ਰਿਹਾ।

**ਸ਼੍ਰੀ ਸੁਨੀਲ ਜਾਖੜ :** ਤੁਸੀਂ ਕਰ ਦਿੱਤਾ ਜੀ। ਮੇਰੀ ਸਾਰੀ ਗੱਲ ਦਾ ਫਲੋਅ ਹੀ ਤੋੜ ਦਿੱਤਾ ਹੈ।ਪਤਾ ਨਹੀਂ ਗੱਲ ਕਿਹੜੇ ਪਾਸੇ ਤੋਰ ਦਿੱਤੀ ਹੈ।(ਹਾਸਾ) ਪਰ ਫਿਰ ਵੀ ਜੇਕਰ ਇਨ੍ਹਾਂ ਦੀਆਂ ਭਾਵਨਾਵਾਂ ਹਰਟ ਹੋਈਆਂ ਹਨ ਤਾਂ ਮੈਂ ਫਿਰ ਮੁਆਫੀ ਮੰਗਦਾ ਹਾਂ। ਮੈਂ ਕਿਹੜਾ ਤੁਹਾਡੇ ਖਿਲਾਫ ਪ੍ਰਿਵਿਲੇਜ ਮੋਸ਼ਨ ਲੈ ਕੇ ਆਉਣਾ ਹੈ। ਚਾਹੇ ਮੈਨੂੰ ਕਹਿ ਲਵੋ, ਤੁਹਾਨੂੰ ਸਭ ਮੁਆਫ ਹੈ। ਪਰ ਸਪੀਕਰ ਸਾਹਿਬ, ਸਲਿੱਪ ਆਫ ਟੰਗ (slip of tongue) ਤਾਂ ਮੈਂ ਮੁਆਫ ਕਰ ਦੇਵਾਂਗਾ ਪਰ ਮੈਨੂੰ ਜਿਹੜੀ ਜ਼ਿੰਮੇਵਾਰੀ ਸੌਂਪੀ ਗਈ ਹੈ ਅਤੇ ਜਿੰਨਾ ਕੁ ਰਾਜ ਧਰਮ ਮੇਰੇ ਕੋਲ ਹੈ, ਉਹ ਮੈਂ ਮੁਆਫ ਨਹੀਂ ਕਰ ਸਕਦਾ। ਸਾਨੂੰ ਇਥੇ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ। ਜੇਕਰ ਇਹ ਕਹਿਣ ਕਿ ਮੇਰਾ ਤਾਂ ਜਵਾਕ ਹੈ, ਇਸ ਨੂੰ ਹਰੇਕ ਗੱਲ ਮੁਆਫ ਹੈ। ਮੈਂ ਕੈਂਚੀ ਨਹੀਂ ਮੁਆਫ ਕਰਨੀ। ਜਿਹੜੀ ਇਹ ਪੰਜਾਬ ਦੇ ਲੋਕਾਂ ਉਤੇ ਕੈਂਚੀ ਚਲਦੀ ਹੈ, ਉਹ ਅਸੀਂ ਮੁਆਫ ਨਹੀਂ ਕਰਨੀ। ਕਿਤੇ ਮੈਨੂੰ ਕਹਿ ਦੇਣ ਕਿ ਸੁਨੀਲ ਜੀ, ਤੂੰ ਤਾਂ ਮੈਨੂੰ ਕਿਹਾ ਸੀ, ਹੁਣ ਤੂੰ ਕਿਸੇ ਹੋਰ ਪਾਸੇ ਇੱਧਰ ਲੈ ਆਇਆ, so, they must be very careful. ਉਂਜ, ਸਪੀਕਰ ਸਾਹਿਬ, ਅੱਜ ਜਿਹੜੇ ਮਸਲੇ ਵਾਸਤੇ ਮੈਂ ਖੜ੍ਹਾ ਹੋਇਆ, ਕਿ ਪਰਸੋਂ ਜਿਸ ਦਿਨ ਆਪਣਾ ਸੈਸ਼ਨ ਚਾਲੂ ਹੋਇਆ ਹੈ, I think in a spirit of humanity, ਸਾਰੇ ਖੜ੍ਹੇ ਹੋਏ ਸਨ, ਪਿਸ਼ਾਵਰ ਵਿੱਚ ਜੋ ਘਟਨਾ ਵਾਪਰੀ ਹੈ, ਮੈਂ ਸਮਝਦਾ ਹਾਂ ਕਿ ਇਸ ਤੋਂ ਮਾੜੀ ਘਟਨਾ ਹੋ ਹੀ ਨਹੀਂ ਸਕਦੀ । ਦੁਸ਼ਮਣ ਦੇ ਬੱਚੇ ਉੱਤੇ ਵੀ ਕੋਈ ਵਾਰ ਨਹੀਂ ਕਰਦਾ but a heinous crime was perpetrated there. ਉਸ ਦੇ ਖਿਲਾਫ ਹਾਊਸ ਨੇ ਖੜ੍ਹੇ ਹੋ ਕੇ ਗੱਲ ਕੀਤੀ । ਅੱਜ ਸਾਰੇ ਮੁਲਕਾਂ ਦੇ ਅੰਦਰ, in the ਵਰਲਡ ਸੀਨਾਰੀਓ, they are talking in terms of levante. ਜਿਹੜੀ ਉਨ੍ਹਾਂ ਨੂੰ ਆਪਣੀ ਗਲੋਰੀ ਭਾਸ ਰਹੀ ਹੈ । ਸਾਰਾ ਜਿਹੜਾ ਏਰੀਆ

ਸੀ, ਲਿਵਾਂਤ ਵਾਲਾ, ਉਥੇ ਅਸੀਂ ਆਪਣਾ ਰਾਜ ਐਸਟੈਬਲਿਸ਼ ਕਰਾਂਗੇ । ਇੱਥੇ ਪਿਸ਼ਾਵਰ ਵਿੱਚ, ਆਪਣੇ ਪੜੋਸ ਵਿੱਚ ਘਟਨਾ ਹੋ ਗਈ, it has serious ramifications, I think, in our present context. ਜਦੋਂ ਜਦੋਂ ਵੀ across the border, there has been some instability, ਉਦੋਂ ਉਹ ਆਪਣੇ ਵੱਲ ਮੂੰਹ ਕਰ ਲੈਂਦੇ ਹਨ । ਹੁਣ ਕਸ਼ਮੀਰ ਵਿੱਚ ਇਲੈਕਸ਼ਨ ਹੋ ਕੇ ਹਟੇ ਹਨ । I think, it weighs very heavily not only on the minds of the Opposition Benches but on the minds of the Treasury Benches also. ਕੱਲ੍ਹ ਵੀ ਡਿਪਟੀ ਸੀ.ਐਮ. ਸਾਹਿਬ ਨੇ ਗੱਲ ਕਰਦੇ ਕਰਦੇ in accusatory tone, ਕਿਹਾ ਸੀ ਕਿ ਤੁਸੀਂ ਪਾਕਿਸਤਾਨ ਨਾਲ ਖੜ੍ਹੇ ਹੋ। Is it a fact to ask for a fair play? ਚਲੋ ਛੱਡੋ, I may be wrong. They have done a very good referral, ਜੋ ਇਨ੍ਹਾਂ ਨਾਲ ਹੋਇਆ ਸੀ। My point is, ਉਲਟਾ ਚੋਰ ਕੋਤਵਾਲ ਕੋ ਡਾਂਟੇ । ਗੋਲ ਗੱਪੇ, ਜਲੇਬੀਆਂ ਵਾਸਤੇ ਅਨਾਰਕਲੀ ਸਟਰੀਟ ਵਿੱਚ ਸਾਰੀ ਕੈਬਨਿਟ ਨੂੰ ਤੁਸੀਂ ਲਈ ਫਿਰਦੇ ਸੀ। ਮਲੂਕਾ ਸਾਹਿਬ, ਤੁਸੀਂ ਵੀ ਗਏ ਸੀ। ਅਨਾਰਕਲੀ ਸਟਰੀਟ ਵਿੱਚ ਤਾਂ ** ਇਹ ਉਡਾਉਣ ਤੇ ਇਲਜ਼ਾਮ ਮੇਰੇ ਤੇ ਲੱਗੇ। (ਵਿਘਨ) (ਸ਼ੋਰ)

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਜਾਖੜ ਸਾਹਿਬ, ਮੇਰੀ ਬੇਨਤੀ ਹੈ ਕਿ ਖੇਡਾਂ ਹੋਰ ਚੀਜ਼ ਹਨ । ਦੂਜੀਆਂ ਗੱਲਾਂ, ਲੜਾਈ ਝਗੜੇ ਹੋਰ ਚੀਜ਼ ਹਨ.. (ਵਿਘਨ) (ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਮੁਆਫੀ ਮੰਗ ਲੈਂਦਾ ਹਾਂ ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ਜਾਖੜ ਸਾਹਿਬ, ਤੁਸੀਂ ਸਿਆਣੇ ਬੰਦੇ ਹੋ। ਸਾਰੇ ਹੀ ਤੁਹਾਡਾ ਸਤਿਕਾਰ ਕਰਦੇ ਹਨ। ਕੱਲ੍ਹ ਤੁਸੀਂ ਇਹ ਨਹੀਂ ਕਿਹਾ। ਕੱਲ੍ਹ ਤੁਸੀਂ ਮੈਚ ਉਤੇ ਉਂਗਲੀ ਉਠਾ ਦਿੱਤੀ । ਰੈਫਰੀਆਂ ਤੇ ਉਂਗਲੀ ਉਠਾ ਦਿੱਤੀ। ਮੈਂ ਅੱਜ ਵੀ ਕਹਿੰਦਾ ਹਾਂ (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਮਲੂਕਾ ਸਾਹਿਬ, ਜ਼ਰਾ ਤੁਸੀਂ ਸੁਣ ਲਓ। ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ। ਇੰਨਾ ਤਾਂ ਜ਼ਰੂਰ ਕਰੋ ਕਿ ਜਦ ਵੀ ਬੋਲਣਾ ਹੈ ਤਾਂ ਚੇਅਰ ਨੂੰ ਐਡਰੈਸ ਕਰੋ, ਚੇਅਰ ਦੀ ਆਗਿਆ ਨਾਲ ਗੱਲ ਕਰੋ।

---

**Expunged as ordered by the Chair.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਚੇਅਰ ਨੂੰ ਐਡਰੈਸ ਕਰਦਾ ਹਾਂ । ਸਪੀਕਰ ਸਾਹਿਬ, ਇਸ ਗੱਲ ਬਾਰੇ I am in favour of this.

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ਜਲੇਬੀਆਂ ਖਾਣਾ ਕੋਈ ਮਾੜੀ ਗੱਲ ਹੈ ...(ਵਿਘਨ)

**ਸ਼੍ਰੀ ਸੁਨੀਲ ਜਾਖੜ :** ਮੈਂ ਕਹਿੰਦਾ ਹਾਂ ਕਿ ਉਥੇ ਜਾਣਾ ਚਾਹੀਦਾ ਹੈ । ਉਥੇ ਜਾਣਾ ਵੀ ਕੋਈ ਮਾੜਾ ਨਹੀਂ ਕਹਿੰਦਾ, ਜਾਣਾ ਚਾਹੀਦਾ ਹੈ ਪਰ ਮੈਂ ਕਿਸ ਕਾਂਟੈਕਸਟ ਵਿੱਚ ਕਹਿ ਰਿਹਾ ਹਾਂ ਤੁਸੀਂ ਜ਼ਰਾ ਗੱਲ ਤਾਂ ਸੁਣ ਲਓ। (ਵਿਘਨ) ਇੱਕ ਮਿੰਟ ਗੱਲ ਤਾਂ ਸੁਣ ਲਓ । (ਵਿਘਨ) ਥੋੜ੍ਹਾ ਜਿਹਾ ਪੇਸ਼ੈਂਸ ਰੱਖੋ । (ਵਿਘਨ) ਸਪੀਕਰ ਸਾਹਿਬ, ਇਹ ਪੇਸ਼ੈਂਸ ਦਾ ਦਾਨ ਬਖਸ਼ਣ ਕਿਉਂਕਿ ਗੱਲ ਬਿਨਾਂ ਕਾਂਟੈਕਸਟ ਤੋਂ ਨਹੀਂ ਕਹੀ ਜਾਣੀ। ਮੈਂ ਇੰਨਾ ਸਿਆਣਾ ਵੀ ਨਹੀਂ ਕਿ ਗੱਲ ਨੂੰ ਦੋ ਲਾਈਨਾਂ ਵਿੱਚ ਸਮਰਾਈਜ਼ ਕਰ ਦੇਵਾਂ। ਨਹੀਂ ਤਾਂ ਮੈਂ ਕਿਤੇ ਆਈ.ਏ.ਐਸ. ਲੱਗਿਆ ਨਾ ਬੈਠਾ ਹੁੰਦਾ । ਗੱਲ ਖਿਲਰ ਜਾਂਦੀ ਹੈ । ਸਪੀਕਰ ਸਾਹਿਬ, ਇਹ ਜਲੇਬੀਆਂ ਖਾਣ, ਅਨਾਰਕਲੀ ਜਾਣ । ਸਾਡੇ ਸਾਥੀਆਂ ਨੂੰ ਲੈ ਕੇ ਜਾਣ । ਮੇਰੀ ਉਥੇ ਜਾਣ ਦੀ ਕੋਈ ਖਾਹਿਸ਼ ਨਹੀਂ ਹੈ। ਕਈ ਵਾਰ ਮੌਕੇ ਆਏ ਸਨ ਕਿ ਸਾਡੇ ਨਾਲ ਚੱਲੋ। ਮੈਂ ਕਿਹਾ ਕਿ ਚੱਲਾਂਗੇ ਕਿਤੇ ਹੋਰ । ਪਾਕਿਸਤਾਨ ਤਾਂ ਸਾਡੇ ਤੋਂ ਵੀ ਮਾੜਾ ਹਾਲ ਹੈ, ਉਥੇ ਜਾ ਕੇ ਕੀ ਕਰਾਂਗੇ। ਉਥੇ ਬਿਜਲੀ ਵੀ ਦਿਓ । ਦੇਣੀ ਚਾਹੀਦੀ ਹੈ ਪਰ ਜਦੋਂ ਤੁਹਾਡੇ ਕੋਲ ਸਰਪਲੱਸ ਹੋ ਜਾਵੇ ਤਾਂ ਦਿਉ। ਇਹ ਕਹਿੰਦੇ ਹਨ ਕਿ ਅਸੀਂ ਪਾਕਿਸਤਾਨ ਨੂੰ ਬਿਜਲੀ ਵੇਚ ਦਿਆਂਗੇ। ਪਾਕਿਸਤਾਨ ਨੂੰ ਬਿਜਲੀ ਦਿਓ ਪਰ ਪਹਿਲਾਂ ਆਪਣੇ ਘਰਾਂ ਨੂੰ ਤਾਂ ਪੂਰੀ ਦਿਓ। ਜਲੇਬੀ ਖਾਓ, ਬਿਜਲੀ ਦਿਓ, ਕੁਝ ਵੀ ਕਰੋ । ਮੈਂ, ਸਪੀਕਰ ਸਾਹਿਬ, ਵਲਟੋਹਾ ਸਾਹਿਬ ਦੀ ਗੱਲ ਕਰਨ ਲੱਗਿਆ ਹਾਂ । Before I move this motion, I must say, there is a conflict of interest . I have to clear myself.

**ਮਾਨਯੋਗ ਸਪੀਕਰ :** ਮੈਂ ਪਹਿਲਾਂ ਵੀ ਤੁਹਾਨੂੰ ਬੇਨਤੀ ਕੀਤੀ ਹੈ...

**Shri Sunil Jakhar :** There is a conflict of interest.

**Mr. Speaker :** No.

**ਸ਼੍ਰੀ ਸੁਨੀਲ ਜਾਖੜ :** ਮੇਰਾ ਇਨ੍ਹਾਂ ਨਾਲ ਬੜਾ ਸਬੰਧ ਹੈ ।

I considering him as my friend. ਇਨ੍ਹਾਂ ਦੀ ਪਿੱਠ ਸੁਣਦੀ ਹੈ । ਮੇਰੇ ਖਿਲਾਫ ਜਦੋਂ ਪ੍ਰਿਵਿਲੇਜ ਮੋਸ਼ਨ ਲੈ ਕੇ ਆਏ... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਮੇਰੀ ਇੱਕ ਬੇਨਤੀ ਸੁਣ ਲਓ.. (ਵਿਘਨ) (ਸ਼ੋਰ) Please sit down. (ਵਿਘਨ) (ਸ਼ੋਰ) Please sit down. They are wasting their own time. Please sit down.

**ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਚੀਮਾ ਜੀ, ਤੁਸੀਂ ਬੈਠ ਜਾਓ । Please sit down. (ਵਿਘਨ) (ਸ਼ੋਰ) ਮੈਂ ਹੁਣੇ ਉਨ੍ਹਾਂ ਦੀ ਗੱਲ ਨਿਬੇੜ ਦੇਣੀ ਹੈ । ਤੁਸੀਂ ਬੈਠ ਜਾਓ । Please sit down now. (ਵਿਘਨ) (ਸ਼ੋਰ) ਜਾਖੜ ਸਾਹਿਬ... (ਵਿਘਨ) (ਸ਼ੋਰ) Please sit down. ਤੁਹਾਡਾ ਨੋਟਿਸ ਜਿਹੜਾ ਹੈ ...

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ 45 ਬੰਦਿਆਂ ਨੂੰ ਨਾਲ ਲੈ ਕੇ ਗੱਲ ਬੋਲ ਰਿਹਾ ਹਾਂ ।

**ਮਾਨਯੋਗ ਸਪੀਕਰ :** ਮੈਨੂੰ ਗੱਲ ਤਾਂ ਕਰ ਲੈਣ ਦਿਓ । Please sit down now. ਮੇਰੀ ਬੇਨਤੀ ਸੁਣ ਲਓ।

(ਇਸ ਸਮੇਂ ਸਿੱਖਿਆ ਮੰਤਰੀ, ਡਾਕਟਰ ਦਲਜੀਤ ਸਿੰਘ ਚੀਮਾ ਮੁੱਖ ਸੰਸਦੀ ਸਕੱਤਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਸ਼੍ਰੀ ਦੇਸ ਰਾਜ ਧੁੱਗਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸ਼੍ਰੀ ਅਸ਼ਵਨੀ ਸੇਖੜੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

**ਮਾਨਯੋਗ ਸਪੀਕਰ :** ਧੁੱਗਾ ਜੀ, ਤੁਸੀਂ ਬੈਠ ਜਾਓ । (ਵਿਘਨ) (ਸ਼ੋਰ) ਧੁੱਗਾ ਜੀ, ਬੈਠ ਜਾਓ । Please sit down. Please sit down, you are wasting your time. (interruptions) Please sit down, Bains Sahib. Dhugga ji, please sit down. ਮੇਰੀ ਗੱਲ ਸੁਣ ਲਓ ਜੀ। ਮੈਂ ਬੇਨਤੀ ਕਰ ਰਿਹਾ ਹਾਂ .(ਵਿਘਨ) ਜਿਹੜਾ ਤੁਸੀਂ ਮੈਨੂੰ ਪ੍ਰਿਵਿਲੇਜ ਮੋਸ਼ਨ ਦਿੱਤਾ ਹੈ, ਮੈਂ ਉਸ ਦੇ ਬਾਰੇ ਗੱਲ ਕਰ ਰਿਹਾ ਹਾਂ .(ਵਿਘਨ).. ਜੋ ਤੁਸੀਂ ਦਿੱਤਾ ਹੈ, ਮੈਂ ਉਸ ਤੇ ਡਿਸੀਜ਼ਨ ਦੇਣਾ ਹੈ । ਮੈਂ ਇਹ ਨੋਟਿਸ ਰਿਸੀਵ ਕੀਤਾ ਹੈ। ਇਹ ਤੁਸੀਂ ਸ਼ੁਰੂ

[ ਮਾਨਯੋਗ ਸਪੀਕਰ ]

ਕੀਤਾ ਹੈ, ਅਦਰਵਾਈਜ਼ ਮੈਂ ਜ਼ੀਰੋ ਆਵਰ ਤੋਂ ਬਾਅਦ ਇਸ ਨੂੰ ਲੈਣਾ ਸੀ। ਹੁਣ ਇਹ ਹੈ ਕਿ I will have to decide it first. ਇਹ ਹੈ ਕਿ ਮੈਂ ਇਹ ਤੁਹਾਡਾ ਨੋਟਿਸ 10.30 ਵਜੇ ਰਿਸੀਵ ਕੀਤਾ ਹੈ .(ਵਿਘਨ)...ਪਲੀਜ਼, ਤੁਸੀਂ ਬੈਠ ਜਾਓ...(ਵਿਘਨ)... ਇਹ ਤੁਸੀਂ ਹੁਣ ਆਪ ਸ਼ੁਰੂ ਕਰ ਲਿਆ ਹੈ, ਮੈਂ ਅਜੇ ਨਹੀਂ ਸੀ ਚਾਹੁੰਦਾ।

Notice of breach of Privilege Motion against Sardar Virsa Singh Valtoha, MLA under Rule 253(2) of the Rules of Procedure and Conduct of Business in the Punjab Vidhan Sabha (Punjab Legislative Assembly) ਇਸ ਦੇ ਬਾਰੇ ਇਹ ਹੈ ਕਿ 10.30 ਵਜੇ ਇਹ ਨੋਟਿਸ ਮੇਰੇ ਆਫਿਸ ਵਿੱਚ ਰਿਸੀਵ ਹੋਇਆ ਹੈ। ਇਸ ਸਬੰਧੀ ਰੂਲ 253(2) ਦੇ ਥੱਲੇ ਪ੍ਰੋਵੀਜ਼ਨ ਇਹ ਹੈ :-

> A Member wishing to raise a Question of Privilege shall give notice in writing to the Secretary before the commencement of the Sitting on the day the question is proposed to be raised. If the question raised is based on a document, the notice shall be accompanied by the document."

ਕਿਉਂਕਿ ਤੁਹਾਡਾ ਨੋਟਿਸ 10.30 ਵਜੇ ਮਿਲਿਆ ਹੈ, therefore, I reject it. (interruptions) ..

**Shri Sunil Jakhar :** Sir, you are such a stickler to the Rules. ਮੇਰੇ ਖਿਲਾਫ ਮੋਸ਼ਨ ਅਜੇ ਪੈਂਡਿੰਗ ਪਿਆ ਹੈ। ਜਦੋਂ ਦਲਿਤ ਬੱਚੀ ਨੂੰ ਇਥੇ ਲੈ ਕੇ ਆਇਆ ਸੀ, it was perceived as threat to the precious lives of the Hon'ble Members and I am still facing that, ਇਹ ਵਲਟੋਹਾ ਸਾਹਿਬ ਵਾਹਿਦ ਬੰਦੇ ਹਨ, he was the one. ਆਹ ਜਸਟਿਸ ਸਾਹਿਬ ਬੈਠੇ ਹਨ, ਇਨ੍ਹਾਂ ਨੇ ਕਿਹਾ ਸੀ ਕਿ ਜਾਖੜ ਨੂੰ ਕੱਢੋ। ਮੈਨੂੰ ਪਤਾ ਲੱਗਿਆ ਹੈ ਕਿ ਇਕੱਲੇ ਵਲਟੋਹਾ ਸਾਹਿਬ ਨੇ ਕਿਹਾ ਕਿ ਮੇਰਾ ਉਹ ਦੋਸਤ ਹੈ, ਮੈਂ ਉਸ ਦੇ ਖਿਲਾਫ ਨਹੀਂ ਬੋਲਦਾ। ਮੈਂ ਮੂੰਹ ਤੇ ਤਾਰੀਫ ਕਰੀ ਜਾਂਦਾ ਹਾਂ। I think he

has set an example for friendship. ਪੰਜਾਬੀਆਂ ਵਾਲੀ ਗੱਲ ਵੀ ਇਨ੍ਹਾਂ ਨੇ ਕਰ ਦਿੱਤੀ ਕਿ ਆਪਣੇ ਦੋਸਤ ਵਾਸਤੇ he has put his entire political career at risk. ਇਸ ਨੇ ਆਪਣੇ ਆਪ ਨੂੰ ** ਕਹਿ ਲਿਆ ਪਰ ਸਰ, ਮੈਂ ਰਾਜ ਧਰਮ ਨਿਭਾਅ ਰਿਹਾ ਹਾਂ। I am not for my own feelings ਪ੍ਰਿਵਲੇਜ ਮੋਸ਼ਨ ਤੁਸੀਂ ਲਿਆਓ, ਨਾ ਲਿਆਓ। ਤੁਸੀਂ ਸਸਪੈਂਡ ਕਰੋ, ਨਾ ਕਰੋ, issue is, would you assure the Members of this House, ISIS or what has happened in Peshawar ਇਨ੍ਹਾਂ ਨੇ ਮੰਨਿਆ ਹੈ ਕਿ ** ਉਥੋਂ ਕੋਈ ......(ਵਿਘਨ)..... (ਸ਼ੋਰ).......

**ਮਾਨਯੋਗ ਸਪੀਕਰ :** ਇਸ ਪੁਆਇੰਟ ਤੇ ਡਿਸਕਸ਼ਨ ਨਹੀਂ ਹੋ ਸਕਦੀ ...(ਵਿਘਨ).. (ਸ਼ੋਰ)... ਜਿਹੜਾ ਪ੍ਰਿਵਲੇਜ ਮੋਸ਼ਨ ਮੈਂ ਰਿਜੈਕਟ ਕਰ ਚੁੱਕਿਆ ਹਾਂ ...(ਵਿਘਨ)... (ਸ਼ੋਰ)... ਮੇਰੀ ਇੱਕ ਮਿੰਟ ਬੇਨਤੀ ਹੈ, ਪਲੀਜ਼, ਇੱਕ ਮਿੰਟ ...(ਵਿਘਨ).. (ਸ਼ੋਰ)... ਜਿਹੜਾ ਨੋਟਿਸ ਮੈਂ ਰਿਜੈਕਟ ਕਰ ਚੁੱਕਿਆ ਹਾਂ, ਉਸ ਦੇ ਉੱਪਰ ਡਿਸਕਸ਼ਨ ਹੋ ਨਹੀਂ ਸਕਦੀ ...(ਵਿਘਨ)... (ਸ਼ੋਰ).... You cannot discuss on that very point ..(ਵਿਘਨ).. (ਸ਼ੋਰ)... ਉਸ ਪੁਆਇੰਟ ਤੇ ਡਿਸਕਸ ਨਹੀਂ ਕਰ ਸਕਦੇ, ਜਿਹੜਾ ਮੈਂ ਰਿਜੈਕਟ ਕਰ ਚੁੱਕਿਆ ਹਾਂ। ਕਿਸੇ ਹੋਰ ਪੁਆਇੰਟ ਤੇ ਗੱਲ ਕਰ ਲਓ ...(ਵਿਘਨ).. (ਸ਼ੋਰ)...ਤੁਸੀਂ ਕਿਸੇ ਹੋਰ ਨੂੰ ਟਾਈਮ ਦੇ ਦਿਓ, ਤੁਸੀਂ ਟਾਈਮ ਬਾਅਦ ਵਿੱਚ ਲੈ ਲੈਣਾ ..(ਵਿਘਨ).. (ਸ਼ੋਰ)...

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਮੇਰਾ ਦੋਸਤ ਹੈ .(ਵਿਘਨ) (ਸ਼ੋਰ) ਮੈਂ ਕਹਾਂਗਾ, ਹਿੱਕ ਵਿੱਚ ਮਾਰੀਂ, ਪਿੱਠ ਤੇ ਨਾ ਮਾਰੀਂ, ਦੋਸਤੀ ਬਦਨਾਮ ਨਾ ਕਰ ਦੇਈਂ। (ਵਿਘਨ). (ਸ਼ੋਰ)

**Mr. Speaker :** I will not allow on this point. ਜਿਹੜੇ ਪ੍ਰਿਵਿਲੇਜ ਨੂੰ ਮੈਂ ਰਿਜੈਕਟ ਕਰ ਚੁੱਕਿਆ ਹਾਂ, ਉਸ ਤੇ no further discussion. ..(ਵਿਘਨ).. (ਸ਼ੋਰ)...

**ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਪਹਿਲਾਂ ਗਲਵੱਕੜੀ ਵਿਚ ਲੈਂਦੇ ਹਨ, ਗੁਲਾਬ ਜਾਮਣ ਖਵਾਉਂਦੇ ਹਨ, ਮੇਰਾ ਦੋਸਤ ਹੈ, ਪਿਛੋਂ ਗੋਲੀ ਮਾਰਦੇ ਹਨ। ਦੱਸੋ ਇਹ ਕੋਈ ਤਰੀਕਾ ਹੈ?(ਵਿਘਨ)

**Expunged as Ordered by the Chair.

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ (ਵਿਘਨ) (ਸ਼ੋਰ).

**Mr. Speaker :** Please sit down. ਹਾਂ ਜੀ, ਬਾਦਲ ਸਾਹਿਬ ਜੀ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਕਿਸੇ ਚੀਜ਼ ਦੀ ਹੱਦ ਹੁੰਦੀ ਹੈ। ਕੱਲ੍ਹ ਇਹ ਗੱਲ ਹੋਈ ਤੇ ਉਸ ਬਾਰੇ ਸਰਦਾਰ ਵਿਰਸਾ ਸਿੰਘ ਜੀ ਨੇ ਖਿਮਾ ਵੀ ਮੰਗ ਲਈ, ਰਿਗਰੈਟ ਵੀ ਕਰ ਲਿਆ। ਜਦੋਂ ਇਹ ਸਾਰੇ ਸਾਹਿਬਾਨ (ਵਿਰੋਧੀ ਧਿਰ ਵੱਲ ਇਸ਼ਾਰਾ) ਇਥੇ ਖੜ੍ਹੇ ਸਨ ਤਾਂ ਮੈਂ ਆਪ ਪਰਸਨਲੀ ਵੀ ਇਨ੍ਹਾਂ ਦੇ ਕੋਲ ਗਿਆ ਕਿ ਮੈਥੋਂ ਵੀ ਕੁਝ ਅਖਵਾਉਣਾ ਹੈ ਤਾਂ ਅਖਵਾ ਲਵੋ ਪਰ ਇਹ ਤਾਂ ਕੋਈ ਗੱਲ ਨਹੀਂ ਹੈ ਕਿ ਇਸ ਦੇ ਪਿਛੇ ਆਪਾਂ ਅਗਾਂਹ ਸੈਸ਼ਨ ਵਿੱਚ ਕੋਈ ਗੱਲ ਹੀ ਨਹੀਂ ਕਰਨੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਸਾਹਮਣੇ ਨਾ ਕੋਈ ਮਸਲਾ ਹੈ, ਸਿਰਫ ਪੁਲੀਟੀਕਲੀ ਮੋਟੀਵੇਟਿਡ ਹੈ ਕਿ ਅਖਬਾਰਾਂ ਦੇ ਵਿਚ ਆ ਜਾਵੇ ਪਰ ਇਹ ਬਦਨਾਮੀ ਇਨ੍ਹਾਂ ਦੀ ਹੋ ਗਈ। ਹੁਣ ਚੌਧਰੀ ਸਾਹਿਬ, ਕਿੰਨਾ ਚਿਰ ਇਸ ਤਰ੍ਹਾਂ ਕਰੋਗੇ, ਹੁਣ ਵੀ ਮੈਨੂੰ ਲੱਗਦਾ ਹੈ ਕਿ ਤੁਹਾਡਾ ਉਸੇ ਤਰ੍ਹਾਂ ਦਾ ਖਿਆਲ ਹੈ। ਇਸ ਦਾ ਕੀ ਫਾਇਦਾ ਹੈ? ਵੇਖੋ, ਤੁਸੀਂ ਇਕ ਨੋ ਕਾਂਨਫੀਡੈਂਸ ਮੋਸ਼ਨ ਲਿਆਂਦੀ ਤੇ ਉਸ ਉਤੇ ਲੀਡਰ ਆਫ ਦਿ ਹਾਊਸ ਨੂੰ, ਮੈਨੂੰ ਜਵਾਬ ਵੀ ਨਹੀਂ ਦੇਣ ਦਿੱਤਾ। ਇਹ ਤਾਂ ਨਹੀਂ ਹੈ ਕਿ ਜਦੋਂ ਮਰਜ਼ੀ ਖੜ੍ਹੇ ਹੋ ਜਾਈਏ ਤੇ ਰੌਲਾ ਪਾ ਲਈਏ। ਐਤਕੀਂ ਮੈਨੂੰ ਇੰਜ ਲੱਗਿਆ ਹੈ ਕਿ ਤੁਸੀਂ ਥੋੜ੍ਹਾ ਜਿਹਾ ਪੁਆਇੰਟ ਦੇ ਦੂਜੇ ਪਾਸੇ ਬੜਾ ਜਾਂਦੇ ਹੋ । ਇਥੋਂ ਤੱਕ ਕਿ ਮੈਂ ਕੁਐਸਚਨ ਆਵਰ ਇਨ੍ਹਾਂ ਨੂੰ ਦੇਖਿਆ ਹੈ, ਉਦੋਂ ਕੁਐਸਚਨ ਆਵਰ ਵਿਚ ਲੀਡਰ ਆਫ ਦਿ ਆਪੋਜ਼ੀਸ਼ਨ ਇਸ ਤਰ੍ਹਾਂ ਕਰਨਗੇ ਤਾਂ ਬਾਕੀਆਂ ਦਾ ਕੀ ਹਾਲ ਹੋਵੇਗਾ? ਇਸ ਕਰਕੇ ਮੇਰੀ ਬੇਨਤੀ ਹੈ ਕਿ ਗੱਲ ਮੁੱਕ ਗਈ, ਉਨ੍ਹਾਂ ਨੇ ਮਾਫੀ ਵੀ ਮੰਗ ਲਈ ਹੈ, ਹੁਣ ਕੀ ਉਨ੍ਹਾਂ ਦੇ ਗੋਲੀ ਮਾਰੋਗੇ ? ਜਾਂ ਦੱਸੋ ਕਿ ਕੀ ਐਕਸਟ੍ਰੀਮ ਸਟੈਪ ਲਵੋਗੇ? (ਵਿਘਨ)

**ਸ਼੍ਰੀ ਸੁਨੀਲ ਜਾਖੜ :** ਮੈਂ ਦੱਸਦਾ ਹਾਂ.... (ਵਿਘਨ)

**ਮੁੱਖ ਮੰਤਰੀ :** ਕੀ ਦੱਸੋਗੇ? (ਵਿਘਨ) (ਸ਼ੋਰ) ਹੁਣ ਤੁਹਾਡੀ ਜਿਹੜੀ ਮੋਸ਼ਨ ਹੈ ਉਹ ਰਿਜੈਕਟ ਹੋ ਗਈ ਤਾਂ ਹੁਣ ਤੁਸੀਂ ਅਗਲਾ ਬਿਜਨਸ ਤਾਂ ਲਵੋ । ਫਿਰ ਆਖੋਗੇ ਕਿ ਸਾਨੂੰ ਤਾਂ ਟਾਈਮ ਹੀ ਨਹੀਂ ਦਿੱਤਾ । (ਵਿਘਨ) ਕੱਲ੍ਹ ਤੁਸੀਂ ਸਾਰੇ ਹਾਊਸ ਦਾ ਟਾਈਮ ਖਰਾਬ ਕੀਤਾ ਔਰ ਇਸ ਸਦਨ ਵਿਚ ਪਹਿਲੀ ਵਾਰ

ਹੋਇਆ ਹੈ ਕਿ ਨੋ ਕਾਂਨਫੀਡੈਂਸ ਮੋਸ਼ਨ ਤੇ ਮੈਂ ਨਹੀਂ ਬੋਲ ਸਕਿਆ, ਜਿਸ ਨੇ ਜਵਾਬ ਦੇਣਾ ਸੀ। ਮੈਨੂੰ ਪਤਾ ਹੈ ਕਿ ਤੁਸੀਂ ਇਸ ਕਰਕੇ ਬੋਲਣ ਨਹੀਂ ਦਿੱਤਾ ਕਿਉਂਕਿ ਮੇਰਾ ਜਵਾਬ ਇਹੋ ਜਿਹਾ ਸੀ ਕਿ ਤੁਹਾਡੀਆਂ ਸਾਰੀਆਂ ਗੱਲਾਂ smash ਹੋ ਜਾਣੀਆਂ ਸਨ। ਇਸ ਲਈ ਕੌਣ ਜ਼ਿੰਮੇਵਾਰ ਹੈ? ਲੇਕਿਨ ਹੁਣ ਇਹ ਕੋਈ ਤਰੀਕਾ ਤਾਂ ਹੈ ਨਹੀਂ ਕਿ ਰੌਲਾ ਪਾਈ ਜਾਓ, ਰੌਲਾ ਪਾਈ ਜਾਓ, ਗੱਲ ਕਿਸੇ ਦੀ ਸੁਣਨੀ ਨਹੀਂ। ਇਸ ਕਰਕੇ ਮੈਂ ਤੁਹਾਨੂੰ ਬੜੇ ਸਤਿਕਾਰ ਨਾਲ ਬੇਨਤੀ ਕਰਦਾ ਹਾਂ ਕਿ ਹਾਊਸ ਦਾ ਕੰਮ ਚੱਲਣ ਦਿਉ। ਹੁਣ ਜੇ ਇਕ ਗੱਲ ਹੋ ਗਈ ਤਾਂ ਇਹ ਕਦੋਂ ਤੱਕ ਚੱਲੇ । ਮੇਰੀ ਬੇਨਤੀ ਹੈ। ਮੰਨਣੀ ਤੁਸੀਂ ਹੈ ਨਹੀਂ, ਉਹ ਵੀ ਮੈਨੂੰ ਪਤਾ ਹੈ ਤੁਸੀਂ ਫਿਰ ਖੜ੍ਹੇ ਹੋ ਜਾਣਾ ਹੈ, ਫਿਰ ਇਹ ਤੁਹਾਡੀ ਮਰਜ਼ੀ ਹੈ। (ਵਿਘਨ ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਤੇ ਟਰੇਜ਼ਰੀ ਬੈਂਚਿੰਜ਼ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਤੇ ਹਾਊਸ ਵਿਚ ਬਹੁਤ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

**Shri Sunil Jakhar :** Sir, I am repeating myself over and over again. ਮੈਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦਾ ਹਾਂ ਅਤੇ ਸਤਿਕਾਰ ਕਰਕੇ, ਮੈਂ ਤਾਂ ਉਨ੍ਹਾਂ ਦੀ ਗੱਲ ਸੁਨਣ ਨੂੰ ਤਿਆਰ ਹਾਂ, ਤੁਸੀਂ ਮੇਰੇ ਤੋਂ ਵੱਡੇ ਹੋ, ਕੁਝ ਕਹਿ ਲਵੋ । I respect your sentiments, ਸਪੀਕਰ ਸਾਹਿਬ, ਬਿਲਕੁਲ ਆਨਰੇਬਲ ਚੀਫ ਮਨਿਸਟਰ ਸਾਹਿਬ ਦਾ ਕਹਿਣਾ ਬੜਾ ਠੀਕ ਹੈ ਕਿ ਇਸ਼ੂ ਨੂੰ ਵਾਰ ਵਾਰ ਰਿਪੀਟ ਨਹੀਂ ਕਰਨਾ ਚਾਹੀਦਾ । ਸਪੀਕਰ ਸਾਹਿਬ, ਮੈਂ ਕੱਲ੍ਹ ਰਾਤ ਨੂੰ ਜਾ ਕੇ ਪੀ.ਟੀ.ਸੀ. ਚੈਨਲ ਦੇ ਉਤੇ ਇਨ੍ਹਾਂ ਦੀ ਸਪੀਚ ਸੁਣੀ where he has said that ਮੋਸ਼ਨ ਤਾਂ ਸਰਕਾਰ ਦੇ ਖਿਲਾਫ ਲੈ ਕੇ ਆਏ ਸੀ ਤੇ ਬੀ.ਜੇ.ਪੀ. ਦੇ ਮਗਰ ਪੈ ਗਏ। ਕਈ ਪੇਪਰਾਂ ਨੇ ਲਿਖਿਆ ਹੈ: Congress diverted its attention from...

**ਮਾਨਯੋਗ ਸਪੀਕਰ :** ਨਹੀਂ, ਜ਼ੀਰੋ ਆਵਰ ਵਿੱਚ ਆਪਾਂ ਇਹ ਗੱਲ ਨਹੀਂ ਕਰ ਸਕਦੇ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਕ ਸਕਿੰਟ । ਸਰ, ਦਸ ਮਿੰਟ ਹੋਏ ਹਨ ਤੇ ਬਥੇਰਾ ਟਾਈਮ ਪਿਆ ਹੈ। (ਵਿਘਨ) (ਸ਼ੋਰ) ਸਪੀਕਰ

[ ਸ਼੍ਰੀ ਸੁਨੀਲ ਜਾਖੜ ]

ਸਾਹਿਬ, ਪੇਪਰਜ਼ ਨੇ ਲਿਖਿਆ ਹੈ ਕਿ ਲੱਗੇ ਤਾਂ ਮਜੀਠੀਆ ਸਾਹਿਬ ਦੇ ਇਸ਼ੂ ਤੇ ਸੀ ਪਰ ਬੀ.ਜੇ.ਪੀ. ਦੇ ਮਗਰ ਪੈ ਗਏ। ਚਲੋ ਜੀ, ਮੈਂ ਬੀ.ਜੇ.ਪੀ. ਨੂੰ ਛੱਡ ਦਿੱਤਾ। ਮਜੀਠੀਆ ਸਾਹਿਬ ਵੱਲ ਵਾਪਸ ਆ ਜਾਂਦੇ ਹਾਂ । (ਵਿਘਨ) ਪਰ, ਸਪੀਕਰ ਸਾਹਿਬ, ਅਸੀਂ ਮੰਨ ਲਿਆ.... (ਵਿਘਨ) (ਸ਼ੋਰ)

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ (ਸਰਦਾਰ ਵਿਰਸਾ ਸਿੰਘ ਵਲਟੋਹਾ) :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ...(ਵਿਘਨ) (ਸ਼ੋਰ) ਮੈਂ ਕੱਲ੍ਹ ਵੀ ਕਿਹਾ ਸੀ.... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਚਲੋ ਸੁਣ ਲਵੋ। Please sit down now. ਬੈਠ ਜਾਉ।

**ਸ਼੍ਰੀ ਸੁਨੀਲ ਜਾਖੜ :** ਵਲਟੋਹਾ ਸਾਹਿਬ, ਇਕ ਮਿੰਟ ਜੀ ਪਲੀਜ਼।ਅਸੀਂ ਤਾਂ ਟਿਕੇ ਟਿਕਾਏ ਬੈਠੇ ਸੀ, ਇਨ੍ਹਾਂ ਨੇ ਛੇੜ ਲਿਆ। (ਵਿਘਨ) (ਸ਼ੋਰ) ਅਸੀਂ ਮੰਨ ਲਿਆ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਤੇ ਟਰੇਜ਼ਰੀ ਬੈਂਚਿੰਜ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਤੇ ਹਾਊਸ ਵਿਚ ਬਹੁਤ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

**ਮਾਨਯੋਗ ਸਪੀਕਰ :** ਵਲਟੋਹਾ ਸਾਹਿਬ, ਹੁਣ ਤੁਸੀਂ ਸੁਣ ਲਵੋ । Please sit down now. ਹੁਣ ਸੁਣ ਲਵੋ।

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ :** ਸਪੀਕਰ ਸਾਹਿਬ, ਮੈਂ ** ਪਾਉਂਦਾ ਹਾਂ। (ਵਿਘਨ ਸ਼ੋਰ) (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜਾਂ)

**ਸ਼੍ਰੀ ਸੁਨੀਲ ਜਾਖੜ :** ਆਹ ਗਾਲਾਂ ਕੌਣ ਕੱਢੀ ਜਾ ਰਿਹਾ ਹੈ ? (ਵਿਘਨ) (ਸ਼ੋਰ)

**Mr. Speaker :** Please sit down. ਇਹ ਐਕਸਪੰਜ ਕਰ ਦੇਣਾ।

**Expunged as ordered by the Chair.

(ਵਿਘਨ) ਇਹ ਐਕਸਪੰਜ ਕਰਵਾ ਦਿੱਤਾ ਹੈ। (ਵਿਘਨ )(ਸ਼ੋਰ) ਮੈਂ ਕਿਹਾ ਜੀ ਉਹ ਐਕਸਪੰਜ ਕਰ ਦਿੱਤੇ ਹਨ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਮਾਫ ਕਰ ਦਿਉ । (ਵਿਘਨ) (ਸ਼ੋਰ) ਸਰ, ਇਕ ਸਕਿੰਟ ਪਲੀਜ਼। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਮਾਫ ਕਰੋ । ਆਹ ਦੋਸਤੀ ਦੇ ਖਾਤੇ ਪਾਉ, ਆਹ ਮੈਨੂੰ ਕਹਿ ਦੇਣ, ਮੈਂ ਇਨ੍ਹਾਂ ਦਾ ਵੱਡਾ ਛੋਟਾ ਭਰਾ ਹਾਂ। ਸਪੀਕਰ ਸਾਹਿਬ, ਮਾਫ ਕਰੋ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਗੱਲ ਹੀ ਹੋਰ ਕਰਨ ਲੱਗਿਆ ਹਾਂ। (ਵਿਘਨ) (ਸ਼ੋਰ) ਸਰ, ਮੈਂ ਗੱਲ ਕਰਨ ਲੱਗਿਆ ਹਾਂ ਦੂਜੇ ਦੋਸਤ ਦੀ। ਸਪੀਕਰ ਸਾਹਿਬ, ਮੈਂ ਮੰਨ ਲਿਆ, ਬਾਦਲ ਸਾਹਿਬ ਨੇ ਕਹਿ ਦਿੱਤਾ, ਮੈਨੂੰ ਏਨੇ ਵੱਡੇ ਬੰਦੇ ਕਹਿ ਦੇਣ ਤਾਂ ਮੈਂ ਏਥੋਂ ਅਸਤੀਫਾ ਦੇ ਕੇ ਜਾ ਵੜਾਂਗਾ, ਕੋਈ ਪ੍ਰਾਬਲਮ ਨਹੀਂ, ਜਦੋਂ ਤੱਕ ਇਸ ਕੁਰਸੀ ਤੇ ਬੈਠਾ ਹਾਂ... (ਵਿਘਨ) (ਸ਼ੋਰ)

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ :** ਮੈਂ ਦੱਸਦਾ ਹਾਂ.... (ਵਿਘਨ) (ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਮੈਂ ਮੰਨ ਲਿਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਤੇ ਟਰੇਜ਼ਰੀ ਬੈਂਚਿੰਜ਼ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਦੇ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਤੇ ਹਾਊਸ ਵਿਚ ਬਹੁਤ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ :** ਸਪੀਕਰ ਸਾਹਿਬ, ਮੈਨੂੰ ਬੋਲਣ ਦਾ ਟਾਈਮ ਦਿੱਤਾ ਜਾਵੇ...

**ਮਾਨਯੋਗ ਸਪੀਕਰ :** ਵਲਟੋਹਾ ਸਾਹਿਬ, ਤੁਹਾਨੂੰ ਟਾਈਮ ਦੇ ਦਿਆਂਗਾ। ਹੁਣ ਬੈਠ ਜਾਓ। ਜਾਖੜ ਸਾਹਿਬ, ਤੁਸੀਂ ਮੇਰੀ ਗੱਲ ਸੁਣੋਗੇ? ਮੇਰੀ ਥੋੜ੍ਹੀ ਜਿਹੀ ਗੱਲ ਸੁਣ ਲਓ। ਸਾਰੇ ਬੈਠ ਜਾਓ। ਮੇਰੀ ਬੇਨਤੀ ਹੈ ਕਿ ਕੋਈ ਮਰਿਯਾਦਾ ਹੁੰਦੀ ਹੈ, ਰੂਲਜ਼ ਹੁੰਦੇ ਹਨ ਜਿਨ੍ਹਾਂ ਨੂੰ ਅਪਣਾਉਣਾ ਹਾਊਸ ਲਈ ਜ਼ਰੂਰੀ ਹੈ। ਜਿਵੇਂ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਜਿਹੜਾ ਨੋਟਿਸ ਮੈਂ ਰਿਜੈਕਟ ਕਰ ਦੇਵਾਂ, ਉਸ ਤੇ ਡਿਸਕਸ਼ਨ ਨਹੀਂ ਹੋਵੇਗੀ। (ਵਿਘਨ) (ਸ਼ੋਰ) ਚੰਨੀ ਜੀ, ਤੁਸੀਂ ਬੈਠ ਜਾਓ

[ ਮਾਨਯੋਗ ਸਪੀਕਰ ]

ਅਤੇ ਮੈਨੂੰ ਗੱਲ ਕਰਨ ਦਿਓ। Please sit down. (Interruption, Noises). Please sit down. Nothing is going to be recorded. ਮੈਂ ਜਿਹੜੀ ਗੱਲ ਕਰਨੀ ਚਾਹੁੰਦਾ ਹਾਂ ਪਹਿਲਾਂ ਉਹ ਤਾਂ ਸੁਣ ਲਓ। (Interruption, Noises) No, No. ਮਰਿਯਾਦਾ ਮੁਤਾਬਿਕ No Confidence Motion has been lost. ਇਹ ਨਹੀਂ ਹੈ ਕਿ ਜਿਹੜਾ lost ਹੋ ਗਿਆ, ਉਸ ਤੇ ਹੀ ਅਸੀਂ ਵਾਰ ਵਾਰ ਡਿਸਕਸ਼ਨ ਕਰਦੇ ਰਹੀਏ। ਉਹ ਮੋਸ਼ਨ lost ਹੋ ਗਿਆ ਹੈ ਇਸ ਕਰਕੇ ਉਸ ਤੇ ਕੋਈ ਗੱਲ ਨਹੀਂ ਕਰਨੀ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਬਿਲਕੁਲ ਠੀਕ ਹੈ। I agree with you. ਅਸੀਂ ਇਨ੍ਹਾਂ ਦੀਆਂ ਗੱਲਾਂ ਤੇ ਭਰੋਸਾ ਕਰ ਲਿਆ ਅਤੇ ਸਾਡੇ ਕੋਲ ਨੰਬਰ ਘੱਟ ਪੈ ਗਏ। ਇਹ ਵਾਅਦਾ ਖਿਲਾਫ਼ੀ ਕਰ ਗਏ। (ਟਰੈਜ਼ਰੀ ਬੈਂਚਿਜ਼ ਵੱਲੋਂ ਹਾਸਾ) ਜਿਸ ਕਾਰਨ ਸਾਡਾ ਮੋਸ਼ਨ ਰਿਜੈਕਟ ਹੋ ਗਿਆ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤੁਹਾਡੇ ਆਪਣੇ ਬੰਦੇ ਹੀ ਚੁੱਪ ਨਹੀਂ ਕਰਦੇ। (ਵਿਘਨ)

**ਸ਼੍ਰੀ ਸੁਨੀਲ ਜਾਖੜ :** ਇਕ ਮਿੰਟ ਪਲੀਜ਼, ਗੱਲ ਕਰ ਲੈਣ ਦਿਓ। You have the advantage of having the last word because ਤੁਸੀਂ ਵੱਡੇ ਹੋ, ਆਖਿਰ ਵਿੱਚ ਤੁਸੀਂ ਜਵਾਬ ਦਿਓਗੇ। ਸਪੀਕਰ ਸਾਹਿਬ, ਗਿਣਤੀ ਦਾ ਕਦੇ ਮਸਲਾ ਹੀ ਨਹੀਂ ਸੀ। ਮੈਂ ਮਾਨਯੋਗ ਸੀ.ਐਮ. ਸਾਹਿਬ ਦੇ ਸਾਹਮਣੇ ਬੇਨਤੀ ਕਰਨ ਲੱਗਿਆ ਹਾਂ। ਕਹਿੰਦੇ ਹਨ –

ਐ ਰਹਿਬਰੇ ਕੌਮ ਯੇ ਮਸਲਾ ਜ਼ਮੀਰ ਕਾ ਹੈ

ਗਰ ਹੈ ਤੋ ਬੋਲ, ਗਰ ਨਹੀਂ ਤੋ ਬੋਲ।

ਨੰਬਰ ਦਾ ਮਸਲਾ ਤਾਂ ਕਦੇ ਵੀ ਨਹੀਂ ਸੀ। It was a matter of conscience. It was a matter of their conscience.(Interruption) ਉਸ ਬਾਰੇ ਗੱਲ ਕੀਤੀ ਸੀ। ਉਹ ਗੱਲ ਨਿੱਬੜ ਗਈ। ਅਸੀਂ ਪਾਰਟੀਸੀਪੇਟ ਕਰਨ ਵਾਸਤੇ ਹਾਊਸ ਵਿੱਚ ਵਾਪਸ ਐਂਟਰ ਕੀਤਾ ਹੈ। ਸਪੀਕਰ ਸਾਹਿਬ, ਅਸੀਂ ਤਾਂ ਮੰਨ ਲਈ ਕਿ ਮਜੀਠੀਆ ਸਾਹਿਬ ਵਾਲਾ ਮਸਲਾ ਖ਼ਤਮ ਹੋ ਗਿਆ ਪਰੰਤੂ ** **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ

**Not recorded/Expunged as ordered by the Chair.

ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਹਾਊਸ ਵਿੱਚ ਕਾਲੀਆਂ ਪੱਟੀਆਂ ਦਿਖਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**Mr. Speaker :** Nothing should be recorded. Jakhar Sahib's speech should not be recorded. I will not allow it. This should not be recorded. Jakhar Sahib, this is the first time.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਕਾਲੀਆਂ ਪੱਟੀਆਂ ਅਤੇ ਸਲੋਗਨਜ਼ ਵਾਲੇ ਬੈਨਰਜ਼ ਹਾਊਸ ਵਿੱਚ ਦਿਖਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਮਿੱਤਲ ਸਾਹਿਬ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ? (ਵਿਘਨ)

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸ਼੍ਰੀ ਸੁਨੀਲ ਜਾਖੜ ਆਪਣੀ ਸੀਟ ਤੇ ਖੜ੍ਹੇ ** ਬਿਨਾ ਇਜ਼ਾਜਤ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**Mr. Speaker :** Jakhar ji, nothing is going to be recorded. ਜਿਹੜਾ ਵੀ ਕੋਈ ਮੇਰੀ ਪਰਮਿਸ਼ਨ ਤੋਂ ਬਿਨਾ ਬੋਲ ਰਿਹਾ ਹੈ, nothing should be recorded. ** ਲਫ਼ਜ਼ ਐਕਸਪੰਜ ਕੀਤਾ ਜਾਵੇ। ਜਿਹੜਾ ਵੀ ਕੋਈ ਅਨਪਾਰਲੀਮੈਂਟਰੀ ਲਫ਼ਜ਼ ਕਿਹਾ ਗਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ਼ ਦਿ ਹਾਊਸ ਵਿੱਚ ਆ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

----

**Expunged as ordered by the Chair.

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ :** ਅਗਲੀ ਆਈਟਮ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਲੜੀ ਨੰ: 1 ਤੋਂ 11 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦੇ ਹਨ :-

i) ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਆਰਡੀਨੈਂਸ, 2014 (2014 ਦਾ ਪੰਜਾਬ ਆਰਡੀਨੈਂਸ ਨੰ: 2);

ii) ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਆਰਡੀਨੈਂਸ, 2014 (2014 ਦਾ ਪੰਜਾਬ ਆਰਡੀਨੈਂਸ ਨੰ: 4);

iii) ਪੰਜਾਬ ਸਬੰਧਿਤ ਕਾਲਜਾਂ (ਸੇਵਾ ਦੀ ਸੁਰੱਖਿਆ) ਸੋਧਨਾ ਆਰਡੀਨੈਂਸ, 2014 (2014 ਦਾ ਪੰਜਾਬ ਆਰਡੀਨੈਂਸ, ਨੰ: 7); ਅਤੇ

iv) ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਆਰਡੀਨੈਂਸ, 2014 (2014 ਦਾ ਪੰਜਾਬ ਆਰਡੀਨੈਂਸ ਨੰ: 8)

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ।

2. ਸਾਲ 2010-11 ਅਤੇ 2011-12 ਲਈ ਅੰਮ੍ਰਿਤਸਰ ਵਿਕਾਸ ਅਥਾਰਟੀ, ਅੰਮ੍ਰਿਤਸਰ (ਏ.ਡੀ.ਏ.) ਦੇ ਲੇਖਿਆਂ ਤੇ ਸਾਲਾਨਾ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53(5) ਅਧੀਨ ਲੋੜੀਂਦਾ ਹੈ।

3. ਸਾਲ 2010-11, 2011-12 ਅਤੇ 2012-13 ਲਈ ਪੰਜਾਬ ਖਾਦ ਅਤੇ ਪੇਂਡੂ ਉਦਯੋਗ ਬੋਰਡ ਦੇ ਸਾਲਾਨਾ ਲੇਖੇ ਅਤੇ ਵਿੱਤੀ ਵਿਵਰਣ ਨੂੰ ਰੱਖਣ ਵਿੱਚ ਹੋਈ ਦੇਰੀ ਦੇ ਕਾਰਣ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ।

4. ਸਾਲ 2009-10, 2010-11, 2011-12 ਅਤੇ 2012-13 ਲਈ

ਪੰਜਾਬ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਰਾਜ ਵਿੱਤ ਕਾਰਪੋਰੇਸ਼ਨ ਐਕਟ, 1951 ਦੀ ਧਾਰਾ 37 (7) ਅਧੀਨ ਲੋੜੀਂਦਾ ਹੈ।

5 31 ਮਾਰਚ, 2013 ਨੂੰ ਖਤਮ ਹੋਏ ਸਾਲ ਲਈ ਪੰਜਾਬ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੇ ਲੇਖਿਆਂ ਤੇ ਵੱਖਰੀ ਆਡਿਟ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਰਾਜ ਵਿੱਤ ਕਾਰਪੋਰੇਸ਼ਨ ਐਕਟ, 1951 ਦੀ ਧਾਰਾ 37 (7) ਅਧੀਨ ਲੋੜੀਂਦਾ ਹੈ।

6. ਸਾਲ 2011-12 ਲਈ ਪੰਜਾਬ ਐਗਰੋ ਫੂਡ ਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ (ਪੀ ਏ ਐਫ ਸੀ ) ਦੀ 10ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

7. ਸਾਲ 2011-12 ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਦੂਜੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

8. 31 ਮਾਰਚ, 2012 ਨੂੰ ਖਤਮ ਹੋਏ ਸਾਲ ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀ ਬੈਲੰਸ ਸ਼ੀਟ ਅਤੇ ਲਾਭ ਅਤੇ ਹਾਨੀ ਦੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27 (5) ਅਧੀਨ ਲੋੜੀਂਦਾ ਹੈ।

9. ਸਾਲ 2012-13 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27 (6) ਅਧੀਨ ਲੋੜੀਂਦਾ ਹੈ।

10. ਸਾਲ 2010-11 ਅਤੇ 2011-12 ਲਈ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਦੀਆਂ ਬੈਲੰਸ ਸ਼ੀਟਾਂ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ

[ ਸੰਸਦੀ ਮਾਮਲੇ ਮੰਤਰੀ ]

ਅਤੇ ਵਿੱਤ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 27 (6) ਅਧੀਨ ਲੋੜੀਂਦਾ ਹੈ।

11. ਸਾਲ 2011-12 ਲਈ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 27 (6) ਅਧੀਨ ਲੋੜੀਂਦਾ ਹੈ।

------

## PANDEMONIUM IN THE HOUSE

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

------

## MOTION UNDER RULE 16

**ਮਾਨਯੋਗ ਸਪੀਕਰ :** ਨਿਯਮ 16 ਅਧੀਨ ਪ੍ਰਸਤਾਵ । (ਵਿਘਨ)(ਸ਼ੋਰ)

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

---------

**Not recorded as ordered by the Chair.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

---------

## OFFICIAL RESOLUTION REG. REPEAL OF "THE EMPLOYMENT OF MANUAL SCAVENGERS AND CONSTRUCTION OF DRY LATRINES (PROHIBITION) ACT 1993"

**ਮਾਨਯੋਗ ਸਪੀਕਰ :** ਸੰਸਦੀ ਮਾਮਲਿਆਂ ਬਾਰੇ ਮੰਤਰੀ ਸਰਕਾਰੀ ਮਤਾ ਪੇਸ਼ ਕਰਨ।

**Minister for Parliamentary Affairs (Shri Madan Mohan Mittal):** Sir, I beg to move that -

"Wheareas the Punjab Legislative Assembly had, in pursuance of the provisions of Clause (1) of Article 252 of the Constitution of India adopted the Employment of Manual Scavengers and Construction of Dry Latrines (Prohibition) Act, 1993, on 7th June, 1993;

*(Interruption)*

**Mr. Speaker :** Please go to your seats.

---------

## WALK-OUT

(All the Hon'ble Members of the Indian National Congress Party present in the House alongwith Independent Member Shri Rajneesh Kumar, showing black robes and different banners and raising ** ** anti slogans against the Government, staged a walk out in protest against the silent behaviour of the BJP)

------

*Not recorded as ordered by the Chair.

## OFFICIAL RESOLUTION REG. REPEAL OF "THE EMPLOYMENT OF MANUAL SCAVENGERS AND CONSTRUCTION OF DRY LATRINES (PROHIBITION) ACT 1993" *(Resumption)*

AND WHEAREAS the Parliment had thereafter enacted the Prohibition of Employment as Manual Scavenger and their Rehabilitation Act, 2013 (Central Act 25 of 2013);

AND WHEREAS, the earlier Act of 1993 become redundant after coming in force of, the Prohibition of Employment as Manual Scavengers and their Rehabilition Act, 2013;

AND WHEAREAS the Primary aim to enact the said Act was to provide for the prohibition of employment as manual scavengers, rehabilitation of manual scavengers and their families, and for matters connected therewith or incidental therefore, agglomerations on which ceiling had already been imposed under the agrarian laws:

AND WHEAREAS the operation of the provisions of the said Act of 1993 in the State of Punjab is hereby repealed as the same has become redundant after coming in force of the Prohibition of Employment as Manual Scavengers and their Rehabilitation Act, 2013, w.e.f 18th September, 2013; and

NOW, THEREFORE, in exercise of the powers conferred by clause (2) of the Article 252 of the Constition of India, this House resolves the Parliament may repeal "The Employment of Manual Scavengers and Construction of Dry Latrines (Prohibition) Act, 1993".

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

"ਕਿ ਜਦੋਂ ਕਿ ਪੰਜਾਬ ਵਿਧਾਨ ਸਭਾ ਨੇ 7 ਜੂਨ, 1993 ਨੂੰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੀ ਕਲਾਜ (1) ਦੇ ਉਪਬੰਧਾਂ ਦੀ ਪੈਰਵੀ ਵਿੱਚ, ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣਾ ਅਤੇ ਸੁੱਕੀਆਂ ਲੈਟਰੀਨਾਂ ਦੀ ਉਸਾਰੀ (ਰੋਕ) ਐਕਟ, 1993 ਨੂੰ ਅਪਣਾਇਆ ਸੀ;

ਅਤੇ ਜਦੋਂ ਕਿ ਸੰਸਦ ਨੇ ਇਸ ਉਪਰੰਤ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਤੇ ਰੋਕ ਅਤੇ ਉਨ੍ਹਾਂ ਦੇ ਮੁੜ ਵਸੇਬਾ ਐਕਟ, 2013 (2013 ਦਾ ਕੇਂਦਰੀ ਐਕਟ 25) ਨੂੰ ਬਣਾਇਆ ਸੀ;

ਅਤੇ ਜਦੋਂ ਕਿ ਉਕਤ ਐਕਟ 2013 ਦੀ ਮਿਤੀ 18 ਸਤੰਬਰ, 2013 ਤੋਂ ਪੰਜਾਬ ਰਾਜ ਵਿੱਚ ਲਾਗੂ ਹੋ ਗਿਆ ਸੀ;

ਅਤੇ ਜਦੋਂ ਕਿ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਤੇ ਰੋਕ ਲਗਾਉਣ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਐਕਟ, 2013 ਦੇ ਲਾਗੂ ਹੋਣ ਨਾਲ 1993 ਦਾ ਪਹਿਲਾ ਐਕਟ ਬੇਅਰਥ ਹੋ ਗਿਆ;

ਅਤੇ ਜਦੋਂ ਕਿ ਇਸ ਐਕਟ ਨੂੰ ਬਣਾਉਣ ਲਈ ਮੁੱਖ ਉਦੇਸ਼ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਤੇ ਪਾਬੰਦੀ, ਹੱਥੀਂ ਮੈਲਾ ਢੋਣ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਇਸ ਨਾਲ ਸਬੰਧਤ ਜਾਂ ਪ੍ਰਸੰਗਕ ਹੋਰ ਮਾਮਲਿਆਂ ਦਾ ਉਪਬੰਧ ਕਰਨਾ ਸੀ ਅਤੇ ਭੂਮੀ-ਸੁਧਾਰ ਕਾਨੂੰਨ ਅਧੀਨ ਢੇਰ ਲਗਾਉਣ ਤੇ ਪਹਿਲਾਂ ਹੀ ਰੋਕ ਲਗਾਈ ਗਈ ਸੀ;

ਅਤੇ ਜਦੋਂ ਕਿ ਪੰਜਾਬ ਰਾਜ ਵਿੱਚ 1993 ਦੇ ਵਰਣਿਤ ਐਕਟ ਦੇ ਉਪਬੰਧਾਂ ਦੀ ਕਾਰਵਾਈ ਇਸ ਦੇ ਫਲਸਰੂਪ ਰੱਦ ਕੀਤੀ ਜਾਂਦੀ ਹੈ ਕਿਉਂਕਿ ਇਹ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਤੇ ਰੋਕ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਐਕਟ, 2013 ਮਿਤੀ 18 ਸਤੰਬਰ, 2013 ਤੋਂ ਲਾਗੂ ਹੋਣ ਉਪਰੰਤ ਬੇਅਰਥ ਹੋ ਗਿਆ ਹੈ; ਅਤੇ

ਹੁਣ, ਇਸ ਲਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੀ ਕਲਾਜ (2) ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਇਹ ਸਦਨ ਪ੍ਰਸਤਾਵ ਕਰਦਾ ਹੈ ਕਿ ਸੰਸਦ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਅਤੇ

[ ਮਾਨਯੋਗ ਸਪੀਕਰ ]

ਸੁੱਕੀਆਂ ਲੈਟਰੀਨਾਂ ਦੀ ਉਸਾਰੀ (ਰੋਕ) ਐਕਟ, 1993 ਨੂੰ ਰੱਦ ਕਰ ਸਕਦੀ ਹੈ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

"ਕਿ ਜਦੋਂ ਕਿ ਪੰਜਾਬ ਵਿਧਾਨ ਸਭਾ ਨੇ 7 ਜੂਨ, 1993 ਨੂੰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੀ ਕਲਾਜ (1) ਦੇ ਉਪਬੰਧਾਂ ਦੀ ਪੈਰਵੀ ਵਿੱਚ, ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣਾ ਅਤੇ ਸੁੱਕੀਆਂ ਲੈਟਰੀਨਾਂ ਦੀ ਉਸਾਰੀ (ਰੋਕ) ਐਕਟ, 1993 ਨੂੰ ਅਪਣਾਇਆ ਸੀ;

ਅਤੇ ਜਦੋਂ ਕਿ ਸੰਸਦ ਨੇ ਇਸ ਉਪਰੰਤ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਤੇ ਰੋਕ ਅਤੇ ਉਨ੍ਹਾਂ ਦੇ ਮੁੜ ਵਸੇਬਾ ਐਕਟ, 2013 (2013 ਦਾ ਕੇਂਦਰੀ ਐਕਟ 25) ਨੂੰ ਬਣਾਇਆ ਸੀ;

ਅਤੇ ਜਦੋਂ ਕਿ ਉਕਤ ਐਕਟ 2013 ਦੀ ਮਿਤੀ 18 ਸਤੰਬਰ, 2013 ਤੋਂ ਪੰਜਾਬ ਰਾਜ ਵਿੱਚ ਲਾਗੂ ਹੋ ਗਿਆ ਸੀ;

ਅਤੇ ਜਦੋਂ ਕਿ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਤੇ ਰੋਕ ਲਗਾਉਣ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਐਕਟ, 2013 ਦੇ ਲਾਗੂ ਹੋਣ ਨਾਲ 1993 ਦਾ ਪਹਿਲਾ ਐਕਟ ਬੇਅਰਥ ਹੋ ਗਿਆ;

ਅਤੇ ਜਦੋਂ ਕਿ ਇਸ ਐਕਟ ਨੂੰ ਬਣਾਉਣ ਲਈ ਮੁੱਖ ਉਦੇਸ਼ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਤੇ ਪਾਬੰਦੀ, ਹੱਥੀਂ ਮੈਲਾ ਢੋਣ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਇਸ ਨਾਲ ਸਬੰਧਤ ਜਾਂ ਪ੍ਰਸੰਗਕ ਹੋਰ ਮਾਮਲਿਆਂ ਦਾ ਉਪਬੰਧ ਕਰਨਾ ਸੀ ਅਤੇ ਭੂਮੀ–ਸੁਧਾਰ ਕਾਨੂੰਨ ਅਧੀਨ ਢੇਰ ਲਗਾਉਣ ਤੇ ਪਹਿਲਾਂ ਹੀ ਰੋਕ ਲਗਾਈ ਗਈ ਸੀ;

ਅਤੇ ਜਦੋਂ ਕਿ ਪੰਜਾਬ ਰਾਜ ਵਿੱਚ 1993 ਦੇ ਵਰਣਿਤ ਐਕਟ ਦੇ ਉਪਬੰਧਾਂ ਦੀ ਕਾਰਵਾਈ ਇਸ ਦੇ ਫਲਸਰੂਪ ਰੱਦ ਕੀਤੀ ਜਾਂਦੀ ਹੈ ਕਿਉਂਕਿ ਇਹ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਤੇ ਰੋਕ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਐਕਟ, 2013 ਮਿਤੀ 18 ਸਤੰਬਰ, 2013 ਤੋਂ ਲਾਗੂ ਹੋਣ ਉਪਰੰਤ ਬੇਅਰਥ ਹੋ ਗਿਆ ਹੈ; ਅਤੇ

ਹੁਣ, ਇਸ ਲਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 252 ਦੀ ਕਲਾਜ (2) ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਇਹ

ਸਦਨ ਪ੍ਰਸਤਾਵ ਕਰਦਾ ਹੈ ਕਿ ਸੰਸਦ ਹੱਥੀਂ ਮੈਲਾ ਢੋਣ ਵਾਲਿਆਂ ਨੂੰ ਰੱਖਣ ਅਤੇ ਸੁੱਕੀਆਂ ਲੈਟਰੀਨਾਂ ਦੀ ਉਸਾਰੀ (ਰੋਕ) ਐਕਟ, 1993 ਨੂੰ ਰੱਦ ਕਰ ਸਕਦੀ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

---------

## PERSONAL EXPLANATION BY SARDAR VIRSA SINGH VALTOHA, CHIEF PARLIAMENTARY SECRETARY

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) :** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ।

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ :** ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ। ਮੈਂ ਕੱਲ੍ਹ ਵੀ ਵਿਧਾਨ ਸਭਾ ਦੇ ਅੰਦਰ ਐਕਸਪਲੇਨੇਸ਼ਨ ਦਿੱਤੀ ਸੀ ਅਤੇ ਆਪਣੀ ਪੁਜੀਸ਼ਨ ਕਲੀਅਰ ਕੀਤੀ ਸੀ। ਮੈਂ ਕਹਿਣਾ ਚਾਹੁੰਦਾ ਸੀ ਕਿ ਸ਼ੁਰੂਆਤ ਮੈਂ ਨਹੀਂ ਕੀਤੀ। ਮੈਨੂੰ ਪਿਛਲੇ 8 ਸਾਲਾਂ ਤੋਂ ** ** ਕਹਿੰਦੇ ਹਨ। ਤੁਸੀਂ ਰਿਕਾਰਡ ਦੇਖ ਲਓ ਸਭ ਤੋਂ ਪਹਿਲਾਂ ਉਧਰਲੇ ਪਾਸਿਓਂ ਸ਼ੁਰੂਆਤ ਹੋਈ ਸੀ। ਮੈਂ ਕਹਿੰਦਾ ਹਾਂ ਕਿ ਇਕ ਸਮਾਂ ਸੀ, ਇਕੱਲਾ ਮੈਂ ਹੀ ਨਹੀਂ, ਜਿਹੜਾ ਵੀ ਪੰਜਾਬ ਦੇ ਹੱਕਾਂ ਲਈ ਲੜਦਾ ਰਿਹਾ ਹੈ, ਅਜਿਹੇ ਬੰਦੇ ਨੂੰ ਕਾਂਗਰਸ ਪਾਰਟੀ ** ** ਦੀ ਸੰਗਿਆ ਦਿੰਦੀ ਰਹੀ ਹੈ। ਸੋ, ਅੱਜ ਵੀ ਮੈਂ ਪੰਜਾਬ ਦੇ ਹੱਕਾਂ ਲਈ ਲੜਦਾ ਹਾਂ ਅਤੇ ਜੇ ਇਹ ਮੈਨੂੰ ਅੱਜ ਵੀ ** ** ਕਹਿੰਦੇ ਹਨ ਤਾਂ ਮੈਨੂੰ ਪੰਜਾਬ ਦੇ ਹੱਕਾਂ ਦੀ ਖਾਤਰ ਲੜਨ ਵਾਸਤੇ ਇਹ ਸੰਗਿਆ ਵੀ ਪ੍ਰਵਾਨ ਹੈ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ** **

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ :** ** **

---

**Expunged as ordered by the Chair.

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ** **

**ਮਾਨਯੋਗ ਸਪੀਕਰ :** ਜੋਸ਼ੀ ਜੀ, ਉਹ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹੁੰਦੇ ਹਨ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ** **

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਬੈਂਸ ਜੀ, ਉਹ ਆਪਣੀ ਪਰਸਨਲ ਐਕਸਪਲੇਨੇਸ਼ਨ ਦੇ ਰਹੇ ਹਨ। ਉਸ ਦੇ ਵਿੱਚ ਕੋਈ ਕੁਐਸਚਨ ਨਹੀਂ ਹੋ ਸਕਦਾ। (ਵਿਘਨ)

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ :** ** **

**ਮਾਨਯੋਗ ਸਪੀਕਰ :** ਮੈਂ ਉਹ ਸਾਰਾ ਐਕਸਪੰਜ ਕਰਾ ਦਿੱਤਾ ਹੈ।

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ :** ਸਪੀਕਰ ਸਾਹਿਬ, ਐਕਸਪੰਜ ਇੱਥੇ ਹੋ ਗਿਆ ਪਰ ਪ੍ਰੈਸ ਕੋਲ ਨਹੀਂ ਹੋਇਆ। (ਵਿਘਨ)

**ਮਾਨਯੋਗ ਸਪੀਕਰ :** ਜੇ ਇੱਥੋਂ ਐਕਸਪੰਜ ਹੋ ਜਾਏ ਫੇਰ ਪ੍ਰੈਸ ਵਿੱਚ ਨਹੀਂ ਜਾ ਸਕਦਾ। ਤੁਸੀਂ ਦੁਬਾਰਾ ਇਸ ਨੂੰ ਸ਼ੁਰੂ ਨਾ ਕਰੋ ਫਿਰ ਤਾਂ ਰਿਕਾਰਡ ਦੇ ਵਿੱਚ ਆਉਣਾ ਹੀ ਆਉਣਾ ਹੈ।

(ਇਸ ਸਮੇਂ ਵੀ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**Mr. Speaker :** Bains ji, please sit down.

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ :** ਸਪੀਕਰ ਸਾਹਿਬ, ** **

**ਮਾਨਯੋਗ ਸਪੀਕਰ :** ਤੁਸੀਂ ਕਿਉਂ ਇਸ ਮਸਲੇ ਨੂੰ ਵਾਰ ਵਾਰ ਉਠਾਉਂਦੇ ਹੋ? (ਵਿਘਨ)(ਸ਼ੋਰ)

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਵਿਰਸਾ ਸਿੰਘ ਜੀ, ਇਹ ਟਾਪਿਕ ਛੱਡੋ।

---

**Expunged as ordered by the Chair.

**ਮਾਨਯੋਗ ਸਪੀਕਰ :** ਇਸ ਸਾਰੇ ਨੂੰ ਐਕਸਪੰਜ ਕਰ ਦਿਓ। ਚਲੋ ਜੀ, ਬਿਲ ਸ਼ੁਰੂ ਕਰੋ। ਹਾਂ ਜੀ, ਜੋਸ਼ੀ ਜੀ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸਪੀਕਰ ਸਾਹਿਬ, ਅਸੀਂ ਇਸ ਦੀ ਨਿਖੇਧੀ ਕਰਦੇ ਹਾਂ। ਪੰਜਾਬ ਪੀੜ੍ਹਿਤ ਹੋਇਆ ਅਤੇ ਇਸੇ ਕਾਰਨ ਪੰਜਾਬ ਇੰਨਾ ਪਿੱਛੇ ਚਲਾ ਗਿਆ। ਜਿਸ ਕਾਰਨ ਅਸੀਂ ਨਿਖੇਧੀ ਕਰਦੇ ਹਾਂ। ਅਸੀਂ ਨਸ਼ੇ ਦੀ ਵੀ ਨਿਖੇਧੀ ਕਰਦੇ ਹਾਂ। ਜੇਕਰ ਕਿਸੇ ਤੇ ਕੋਈ ਐਲੀਗੇਸ਼ਨ ਇਵੇਂ ਹੀ ਲੱਗ ਜਾਵੇ ਅਤੇ ਜਿੰਨਾ ਚਿਰ ਸਰਕਾਰ ਕੋਲ ਉਸ ਬਾਰੇ ਕੁਝ ਪਰੂਵ ਨਾ ਹੁੰਦਾ ਹੋਵੇ ਫੇਰ ਤਾਂ ਆਪਾਂ ਗੱਲ ਕਰ ਸਕਦੇ ਹਾਂ ਪਰ ਇੱਥੇ ਤਾਂ ਖ਼ੁਦ ਇਹ ਜ਼ਬਰਦਸਤੀ, ਆਪਣੇ ਆਪ ਅਜਿਹੀ ਗੱਲ ਕਰ ਰਹੇ ਹਨ, ਜਿਸ ਦੀ ਕੋਈ ਤੁੱਕ ਨਹੀਂ ਹੈ। ਇਸ ਗੱਲ ਦੀ ਅਸੀਂ ਨਿਖੇਧੀ ਕਰਦੇ ਹਾਂ। ** ** ਦੀ ਵੀ ਅਤੇ ਡਰੱਗਜ਼ ਦੀ ਵੀ ਅਸੀਂ ਨਿਖੇਧੀ ਕਰਦੇ ਹਾਂ। ਸੋ, ਅਜਿਹੀ ਗੱਲ ਦੀ ਕੋਈ ਤੁੱਕ ਨਹੀਂ ਹੈ। ਇਹ ਠੀਕ ਹੈ ਕਿ ਪਾਰਟੀ ਪ੍ਰਧਾਨ ਨੇ ਜੋ ਗੱਲ ਕੀਤੀ ਹੈ, ਉਹ ਇੱਕ ਮੇਨ ਇਸ਼ੂ ਹੈ। ਸੀ.ਐਮ. ਸਾਹਿਬ ਨੇ ਅੱਗੇ ਵੀ ਫੈਸਲੇ ਕੀਤੇ ਹਨ ਅਤੇ ਹੁਣ ਵੀ ਸੀ.ਐਮ. ਸਾਹਿਬ ਜੋ ਫੈਸਲਾ ਕਰਨਗੇ, ਅਸੀਂ ਉਨ੍ਹਾਂ ਦੇ ਨਾਲ ਹਾਂ, ਅਸੀਂ ਸਰਕਾਰ ਦੇ ਨਾਲ ਹਾਂ। ਪਰ ਅਸੀਂ ** ** ਦੀ ਵੀ ਨਿਖੇਧੀ ਕਰਦੇ ਹਾਂ ਤੇ ਨਸ਼ੇ ਦੀ ਵੀ ਨਿਖੇਧੀ ਕਰਦੇ ਹਾਂ।

(ਇਸ ਸਮੇਂ ਵੀ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜ਼ਾਜ਼ਤ ਤੋਂ ਬੋਲ ਰਹੇ ਸਨ।)

**Mr. Speaker :** Bains ji, no murmuring. ਹਾਂ ਜੀ, ਮਿੱਤਲ ਸਾਹਿਬ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਮੈਂ ਇਹੀ ਗੱਲ ਕਰਨ ਵਾਸਤੇ ਖੜ੍ਹਾ ਹੋਇਆ ਸੀ ਕਿ ਕੀ ਜ਼ੀਰੋ ਆਵਰ ਵਿੱਚ ਇੱਕ ਮੈਂਬਰ ਦਾ ਹੀ ਹੱਕ ਬਣਦਾ ਹੈ ਕਿ ਇੱਕ ਘੰਟਾ ਉਹੀ ਬੋਲਦਾ ਰਹੇ। ਜ਼ੀਰੋ ਆਵਰ ਦਾ ਪਰਪਜ਼ ਜਿਹੜਾ ਸੀ, ਅਸੀਂ beyond rule ਜਾ ਕੇ ਟਾਈਮ ਅਲਾਓ ਕੀਤਾ ਸੀ।

---------

**Expunged as ordered by the Chair.

## RULING BY THE HON'BLE SPEAKER

**ਮਾਨਯੋਗ ਸਪੀਕਰ:** ਮਿੱਤਲ ਸਾਹਿਬ, ਮੇਰੀ ਇੱਕ ਬੇਨਤੀ ਸੁਣ ਲਓ। ਦੋ ਸ਼ਖਸੀਅਤਾਂ ਹਾਊਸ ਵਿੱਚ ਐਸੀਆਂ ਹੁੰਦੀਆਂ ਹਨ ਕਿ ਉਹ ਜਦੋ ਚਾਹੁੰਣ, ਜਿਸ ਵੇਲੇ ਚਾਹੁਣ, ਬੋਲ ਸਕਦੇ ਹਨ। ਲੀਡਰ ਆਫ ਦਿ ਹਾਊਸ ਜਦੋਂ ਚਾਹੇ ਜਵਾਬ ਦੇ ਸਕਦੇ ਹਨ, ਉਠ ਸਕਦੇ ਹਨ, ਬੋਲ ਸਕਦੇ ਹਨ। ਇਸ ਵਾਸਤੇ ਇਹ ਵੀ ਸਪੀਕਰ ਦੀ ਇੱਕ ਡਿਊਟੀ ਹੈ, ਇੱਕ ਫਰਜ਼ ਹੈ, ਧਰਮ ਹੈ ਕਿ ਸਰਕਾਰ ਦੀ ਲੈਜਿਸਲੇਸ਼ਨ ਕਰਾਵੇ। ਇਹ ਵੀ ਨਾਲ ਫਰਜ਼ ਹੈ ਕਿ ਆਪੋਜ਼ੀਸ਼ਨ ਨੂੰ ਅਕਾਮੋਡੇਟ ਕਰੇ। ਇਹ ਵੀ ਸਪੀਕਰ ਦਾ ਫਰਜ਼ ਹੈ ਕਿ ਜਦੋਂ ਲੀਡਰ ਆਫ ਦਿ ਹਾਊਸ ਨੇ ਬੋਲਣਾ ਹੈ, ਉਦੋਂ ਉਹ ਬੋਲ ਸਕਦੇ ਹਨ। ਆਪੋਜ਼ੀਸ਼ਨ ਦੇ ਲੀਡਰ ਨੂੰ ਟਾਈਮ ਦੇਣਾ ਵੀ ਸਪੀਕਰ ਦਾ ਫਰਜ਼ ਹੈ ਅਤੇ ਡਿਊਟੀ ਹੈ।

**Parliamentary Affairs Minister :** Sir, I am not challenging your authority. ਤੁਹਾਨੂੰ ਅਧਿਕਾਰ ਹੈ, ਤੁਸੀਂ ਭਾਵੇਂ ਕਿਸੇ ਨੂੰ ਦੋ ਘੰਟੇ ਦੇ ਦਿਓ। ਮੈਂ ਇਸ ਗੱਲ ਦੇ ਉੱਤੇ ਨਹੀਂ ਆ ਰਿਹਾ।

**Mr. Speaker :** This is only for Opposition Leader.

**ਸੰਸਦੀ ਮਾਮਲੇ ਮੰਤਰੀ :** ਮੈਂ ਕਹਿ ਰਿਹਾ ਹਾਂ ਕਿ ਅਸੀਂ ਕੰਵੈਂਸ਼ਨ ਸੈਟ ਕਰ ਦਿੱਤੀ ਕਿ ਜ਼ੀਰੋ ਆਵਰ ਦਿਓ but there should be some procedure and rules and conventions should be followed in a judicious manner. ਇਹ ਨਹੀਂ ਕਿ ਅਸੀਂ ਜੋ ਮਨ ਆਇਆ ਉਹ ਬੋਲ ਦਿੱਤਾ। ਜਿਹੜੇ ਇਸ਼ੂ ਖਤਮ ਹੋ ਗਏ ਤੁਸੀਂ ਉਨ੍ਹਾਂ ਨੂੰ ਇਥੇ ਮੁੜ ਕੇ ਸ਼ੁਰੂ ਕਰੋ.....(ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਮੈਂ ਕਿਸੇ ਦੇ ਮੂੰਹ ਉਤੇ ਹੱਥ ਤਾਂ ਜਾ ਕੇ ਰੱਖ ਨਹੀਂ ਸਕਦਾ।

**ਸੰਸਦੀ ਮਾਮਲੇ ਮੰਤਰੀ :** ਮੇਰੀ ਬੇਨਤੀ ਤਾਂ ਸੁਣ ਲਓ। ਤੁਸੀਂ ਮੋਸ਼ਨ ਰਿਜੈਕਟ ਕਰ ਦਿੱਤੀ ਅਤੇ ਮੁੱਦਾ ਖਤਮ ਹੋ ਗਿਆ। Afterall repetition should be stopped. ਫਿਰ ਦੂਸਰੀ ਗੱਲ, ਇਥੇ ਕਹਿ ਦਿੱਤਾ ਕਿ ਸਾਡੇ ਨਾਲ ਦਗ਼ਾ ਕਰ ਦਿੱਤਾ।

**ਮਾਨਯੋਗ ਸਪੀਕਰ :** ਮੈਂ ਕੱਲ੍ਹ ਸਾਰਾ ਐਕਸਪੰਜ ਕਰਾ ਦਿੱਤਾ ਜੀ।

**Parliamentary Affairs Minister :** Sir, let me say that.

ਕਹਿੰਦੇ ਸਾਡੇ ਨਾਲ ਵਾਅਦਾ ਖਿਲਾਫੀ ਕਰ ਦਿੱਤੀ। Who promised to them? Secondly they want to say everything, ਕੀ ਅਸੀਂ ਸੁਣੀ ਜਾਈਏ? ਅਤੇ ਜਦੋਂ ਸਾਡਾ ਲੀਡਰ ਖੜ੍ਹਾ ਹੋ ਕੇ ਬੋਲਣ ਲੱਗੇ, he is not allowed to speak.

**ਮਾਨਯੋਗ ਸਪੀਕਰ :** ਮੈਂ ਅੱਜ ਤੱਕ ਕਦੇ ਰੋਕਿਆ ਹੀ ਨਹੀਂ ਹੈ। ਜਦੋਂ ਸੀ.ਐਮ. ਸਾਹਿਬ ਖੜ੍ਹੇ ਹੁੰਦੇ ਹਨ, ਮੈਂ ਕਦੇ ਰੋਕਿਆ ਹੀ ਨਹੀਂ ਹੈ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਓ। ਮੈਂ ਤੁਹਾਨੂੰ ਨਹੀਂ ਕਹਿ ਰਿਹਾ। ਮੈਂ ਕਹਿ ਰਿਹਾ ਹਾਂ ਕਿ ਡਸਿਪਲਿਨ ਕਿਵੇਂ ਆਵੇਗਾ? When my leader wants to speak, there is hullabaloo. They do not allow my leader to speak. I don't say, you don't allow to speak. We should make some conventions, we should make some rules and personal remarks should be stopped. It is not the good convention. ਇਹ ਜਿਹੜਾ ਸਿੰਗਲ ਟਰੈਕ ਕੰਮ ਚਲਦਾ ਹੈ, ਅਸੀਂ ਚਾਹੁੰਦੇ ਹਾਂ ਕਿ ਇਹ ਬੰਦ ਕਰਕੇ let us have a good and healthy debate. Let everybody say something. ਕਿਸੇ ਨੂੰ ਬਾਲਕੇਨਾਈਜ਼ ਕਰਨਾ ਅਤੇ ਕਿਸੇ ਪਾਰਟੀ ਦੇ ਖਿਲਾਫ਼ ਐਲੀਗੇਸ਼ਨ ਲਗਾਉਣਾ ਅਤੇ ਜਦੋਂ ਅਸੀਂ ਬੋਲਣਾ ਚਾਹੁੰਦੇ ਹਾਂ ਤਾਂ ਇਹ ਹੱਲਾ-ਗੁੱਲਾ ਕਰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਉਨ੍ਹਾਂ ਨੇ ਕਿਹਾ ਕਿ ਬੀ.ਜੇ.ਪੀ. ਦੇ ਪੱਟੀਆਂ ਬੰਨ੍ਹ ਦਿਉ, ਬੀ.ਜੇ.ਪੀ. ਬੋਲਣਾ ਨਹੀਂ ਚਾਹੁੰਦੀ....

**ਮਾਨਯੋਗ ਸਪੀਕਰ :** ਮੈਂ ਉਹ ਐਕਸਪੰਜ ਕਰਵਾ ਦਿੱਤਾ ਹੈ।

**ਸੰਸਦੀ ਮਾਮਲੇ ਮੰਤਰੀ :** ਐਕਸਪੰਜ ਤਾਂ ਕਰਵਾ ਦਿੱਤੇ ਹਨ ਪਰ ਮੈਂ ਆਪਣਾ ਜਵਾਬ ਤਾਂ ਦੇ ਦੇਵਾਂ। ਜਿਸ ਤਰ੍ਹਾਂ ਜੋਸ਼ੀ ਜੀ ਨੇ ਕਿਹਾ ਹੈ, ਅਸੀਂ ਆਤੰਕਵਾਦ ਦੇ ਪੂਰੀ ਤਰ੍ਹਾਂ ਖਿਲਾਫ ਹਾਂ। ਇੱਕ ਪਾਸੇ ਤਾਂ ਕਹਿ ਦਿੱਤਾ ਕਿ ਇਹ ਮੇਰੇ ਪਿਤਾ ਜੀ ਦੇ ਕੁਲੀਗ ਹਨ, ਫਿਰ ਕਹਿੰਦੇ ਹਨ ਕਿ ਇਹ ਤਾਂ ਪਿਛੋਕੜ ਦੀ ਗੱਲ ਹੈ। I know his background, he knows my background but I want to know ਅਗਰ ਮੇਰਾ ਪਿਛੋਕੜ ਮਾੜਾ ਹੈ ਤਾਂ his father is not my colleague? Is he accusing me or his father? ਇਹ ਦੱਸਣ ਕਿ ਬੀ.ਜੇ.ਪੀ. ਦਾ ਸਟੈਂਡ ਕਿੱਥੇ ਕਲੀਅਰ ਨਹੀਂ ਹੈ। ਅਸੀਂ ਅੱਤਵਾਦ ਦੇ ਖਿਲਾਫ਼

[ ਸੰਸਦੀ ਮਾਮਲੇ ਮੰਤਰੀ ]

ਹਾਂ। I was at the forefront for all those seven years when terrorism was at the peak. ਮੇਰੇ ਸਾਥੀ ਨੇ ਕਿੰਨਾ ਸਫਰ ਕੀਤਾ ਹੈ. Father of Joshi Ji was assassinated by the terrorists. Everybody had faced problems. ਇਹ ਤਾਂ ਚੋਣਾਂ ਲੜਨ ਵਾਸਤੇ ਪੰਜਾਬ ਹੀ ਛੱਡ ਕੇ ਚਲੇ ਗਏ ਸਨ। ਬਾਕੀ ਲੋਕ ਇੱਥੇ ਲੜਦੇ ਰਹੇ ਪਰ ਇਹ ਦੂਜੀਆਂ ਸਟੇਟਾਂ ਵਿੱਚ ਚੋਣਾਂ ਲੜਦੇ ਰਹੇ। ਇਨ੍ਹਾਂ ਨੂੰ ਆਪਣੇ ਵੱਲ ਦੇਖ ਕੇ ਬੋਲਣਾ ਚਾਹੀਦਾ ਹੈ। ਫੇਰ ਸਾਨੂੰ ਡਰੱਗਜ਼ ਨਾਲ ਜੋੜ ਦਿੱਤਾ, are we supporting the drugs? ਕੀ ਸਾਡਾ ਕੋਈ ਬੰਦਾ ਫਸਿਆ ਹੈ? ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਮੇਰੀ ਪਾਰਟੀ ਦੇ ਪ੍ਰਧਾਨ ਮੰਤਰੀ ਨੇ ਮਨ ਕੀ ਬਾਤ ਕਹੀ, ਉਸ ਨੂੰ ਤੋੜ-ਮਰੋੜ ਕੇ ਕਿਹਾ ਜਾਂਦਾ ਹੈ ਕਿ ਇਸ ਬਾਰੇ ਰੈਜ਼ੋਲਿਊਸ਼ਨ ਲਿਆਓ। ਸਪੀਕਰ ਸਾਹਿਬ, ਇਸ ਲਈ ਕੁਝ ਤਾਂ ਨਾਰਮਜ਼ ਹੋਣੇ ਚਾਹੀਦੇ ਹਨ। ਮੇਰੇ ਰਾਸ਼ਟਰੀ ਅਧਿਅਕਸ਼ 12 ਤਰੀਕ ਨੂੰ ਅੰਮ੍ਰਿਤਸਰ ਤੋਂ ਇੱਕ ਮੁਹਿੰਮ ਸ਼ੁਰੂ ਕਰ ਰਹੇ ਹਨ ਤਾਂ ਕਿ ਡਰੱਗਜ਼ ਦੀ ਪ੍ਰਾਬਲਮ ਨੂੰ ਖ਼ਤਮ ਕਰਨ ਲਈ ਬੱਚਿਆਂ ਨੂੰ ਐਜੂਕੇਟ ਕੀਤਾ ਜਾਵੇ ਅਤੇ ਜਵਾਨੀ ਬਚਾਈ ਜਾਵੇ। ਮੇਰੇ ਪ੍ਰਧਾਨ ਮੰਤਰੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਡਰੱਗਜ਼ ਵੇਚ ਕੇ ਜਿਹੜਾ ਪੈਸਾ ਆਉਂਦਾ ਹੈ ਉਹ ਆਤੰਕਵਾਦੀਆਂ ਕੋਲ ਜਾਂਦਾ ਹੈ। ਸੋ, ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਐਕਸ਼ਨ ਕੰਟਰੋਲ ਕਰੋ। ਕੋਈ ਮੀਟਿੰਗ ਕਰ ਲਵੋ, ਕੈਂਪ ਲਗਾ ਲਵੋ।

**ਮਾਨਯੋਗ ਸਪੀਕਰ :** ਤੁਸੀਂ ਦੱਸੋ ਕਿਵੇਂ ਕੰਟਰੋਲ ਕਰਾਂ? How can I control it ? ਕਿਸ ਤਰੀਕੇ ਨਾਲ ਕਰਾਂ?

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਰੂਲਜ਼ ਵਿੱਚ ਬਹੁਤ ਕੁਝ ਹੈ। In the rules, extreme steps are provided but we don't want to apply the extreme steps, then it should be by persuasion. We should tell them to behave properly. ਮੇਰੀ ਗੁਜ਼ਾਰਿਸ਼ ਹੈ ਕਿ ਅੱਛੀ ਡਿਬੇਟ ਹੋਵੇ। ਮੈਂ ਅੱਛੀ ਡਿਬੇਟ ਦੀ ਮੰਗ ਕਰਦਾ ਹਾਂ। I demand good debate. Let the people, who come after ten years, they should read ਕਿ ਹਾਊਸ ਕਿਵੇਂ ਡਿਬੇਟ ਕਰਦਾ ਹੈ। ਇਸ ਹਾਊਸ ਵਿੱਚ ਚੰਗੀ ਡਿਬੇਟ ਹੁੰਦੀ ਰਹੀ ਹੈ, ਅਸੀਂ ਪੁਰਾਣੀਆਂ ਡਿਬੇਟਾਂ ਪੜ੍ਹਦੇ ਰਹੇ ਹਾਂ। ਅਸੀਂ ਅੱਗੇ ਕੀ ਪੜ੍ਹਾਵਾਂਗੇ ਕਿ ਚੀਫ਼ ਮਨਿਸਟਰ ਨੂੰ ਜਵਾਬ ਦੇਣ ਦਾ ਮੌਕਾ ਤੱਕ ਨਹੀਂ ਮਿਲਿਆ।

ਇਸ ਕਰਕੇ ਚੰਗੀ ਡਿਬੇਟ ਹੋਣੀ ਚਾਹੀਦੀ ਹੈ। (ਸ਼ੋਰ)

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਸਪੀਕਰ ਸਾਹਿਬ, ਮੈਂ ਇੱਕ ਪ੍ਰਸਤਾਵ ਪੇਸ਼ ਕਰਨਾ ਹੈ, ਉਸ ਲਈ ਤੁਸੀਂ ਮੈਨੂੰ ਕਦੋਂ ਸਮਾਂ ਦੇਵੋਗੇ? ਜੇ ਕਹੋ ਤਾਂ ਮੈਂ ਹੁਣੇ ਹੀ ਕਰ ਦਿੰਦਾ ਹਾਂ।

**ਮਾਨਯੋਗ ਸਪੀਕਰ :** ਤੁਸੀਂ ਹੁਣੇ ਹੀ ਕਰ ਦਿਉ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਧਿਆਨ ਵਿੱਚ ਖੇਡਾਂ ਦੇ ਖੇਤਰ ਦੀ ਬਹੁਤ ਹੀ ਵਧੀਆ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਪੰਜਾਬ ਸਰਕਾਰ ਨੇ ਪੰਜਵਾਂ ਵਰਲਡ ਕਬੱਡੀ ਕੱਪ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਹੈ। ਮੈਂ ਇਸ ਵਾਸਤੇ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ। ਸਾਡੇ ਮਾਨਯੋਗ ਪ੍ਰਧਾਨ ਮੰਤਰੀ ਜੀ ਨੇ ਵੀ ਦੋਨਾਂ ਟੀਮਾਂ ਨੂੰ ਜਿੱਤ ਦੀ ਖੁਸ਼ੀ ਵਿੱਚ ਵਧਾਈ ਦਿੱਤੀ ਹੈ। ਕੱਲ੍ਹ ਰਾਜ ਸਭਾ ਨੇ ਵੀ ਪ੍ਰਸਤਾਵ ਪਾਸ ਕਰਕੇ ਦੋਨਾਂ ਟੀਮਾਂ ਨੂੰ ਵਧਾਈ ਦਿੱਤੀ ਹੈ।(ਥੰਪਿੰਗ) ਸੋ, ਮੈਂ ਚਾਹੁੰਦਾ ਹਾਂ ਕਿ ਇਹ ਹਾਊਸ ਵੀ ਮਤਾ ਪਾਸ ਕਰਕੇ ਪੰਜਾਬ ਸਰਕਾਰ ਦਾ ਧੰਨਵਾਦ ਕਰੇ ਅਤੇ ਨਾਲ ਹੀ ਦੋਵਾਂ ਟੀਮਾਂ ਨੂੰ ਵਧਾਈ ਦੇਵੇ ਕਿਉਂਕਿ ਲੜਕਿਆਂ ਦੀ ਕਬੱਡੀ ਟੀਮ ਨੇ ਲਗਾਤਾਰ ਪੰਜਵੀਂ ਵਾਰ ਅਤੇ ਲੜਕੀਆਂ ਦੀ ਟੀਮ ਨੇ ਚੌਥੀ ਵਾਰ ਕਬੱਡੀ ਕੱਪ ਜਿੱਤਿਆ ਹੈ। ਇਸ ਸਬੰਧੀ ਮੈਂ ਪ੍ਰਸਤਾਵ ਪੇਸ਼ ਕਰਨਾ ਚਾਹੁੰਦਾ ਹਾਂ।

--------

## OFFICIAL RESOLUTION REGARDING FELICITATION OF THE PUNJAB GOVERNMENT FOR SUCCESSFUL CONDUCT OF THE 5TH WORLD KABADDI CUP

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ –

> "ਇਹ ਸਦਨ ਪੰਜਵੇਂ ਵਿਸ਼ਵ ਕਬੱਡੀ ਕੱਪ ਨੂੰ ਸੁਚੱਜੇ ਅਤੇ ਉਸਾਰੂ ਢੰਗ ਨਾਲ ਕਰਵਾਉਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹੈ ਅਤੇ ਜਿੱਤਣ ਅਤੇ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਨੂੰ ਵਧਾਈ ਦਿੰਦਾ ਹੈ।"

**ਮਾਨਯੋਗ ਸਪੀਕਰ :** ਪ੍ਰਸਤਾਵ ਪੇਸ਼ ਕੀਤਾ ਕਿ –

"ਇਹ ਸਦਨ ਪੰਜਵੇਂ ਵਿਸ਼ਵ ਕਬੱਡੀ ਕੱਪ ਨੂੰ ਸੁਚੱਜੇ ਅਤੇ ਉਸਾਰੂ ਢੰਗ ਨਾਲ ਕਰਵਾਉਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹੈ ਅਤੇ ਜਿੱਤਣ ਅਤੇ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਨੂੰ ਵਧਾਈ ਦਿੰਦਾ ਹੈ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ ਕਿ –

"ਇਹ ਸਦਨ ਪੰਜਵੇਂ ਵਿਸ਼ਵ ਕਬੱਡੀ ਕੱਪ ਨੂੰ ਸੁਚੱਜੇ ਅਤੇ ਉਸਾਰੂ ਢੰਗ ਨਾਲ ਕਰਵਾਉਣ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹੈ ਅਤੇ ਜਿੱਤਣ ਅਤੇ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਨੂੰ ਵਧਾਈ ਦਿੰਦਾ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ):** ਮਾਨਯੋਗ ਸਪੀਕਰ ਸਾਹਿਬ, ਜਿਵੇਂ ਮਿੱਤਲ ਸਾਹਿਬ ਗੱਲ ਕਰਕੇ ਗਏ ਹਨ, ਮੈਂ ਉਸੇ ਸਬੰਧ ਵਿਚ ਆਪਣੀ ਗੱਲ ਕਰਨੀ ਚਾਹੁੰਦਾ ਹਾਂ। ਇਸ ਹਾਊਸ ਵਿਚ ਕਈ ਮੈਂਬਰ ਸਾਹਿਬਾਨ ਪਹਿਲੀ ਵਾਰ ਚੁਣ ਕੇ ਆਏ ਹਨ। ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਵੀ ਬਹੁਤ ਵਲਵਲੇ ਹੁੰਦੇ ਹਨ ਕਿ ਉਨ੍ਹਾਂ ਦੇ ਮਸਲੇ ਇਥੇ ਵਿਚਾਰੇ ਜਾਣ ਅਤੇ ਉਨ੍ਹਾਂ ਦਾ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਜਾਵੇ। ਇਸੇ ਕਰਕੇ ਹੀ ਡੈਮੋਕਰੇਸੀ ਨੂੰ ਬੜਾ ਉੱਚਾ ਦਰਜਾ ਦਿੱਤਾ ਗਿਆ ਹੈ। ਜਿਸ ਦਿਨ ਤੋਂ ਅਸੀਂ ਮੈਂਬਰ ਚੁਣ ਕੇ ਆਏ ਹਾਂ, ਸਾਨੂੰ ਇਹ ਲਗਦਾ ਹੈ ਕਿ ਅਸੀਂ ਕੇਵਲ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਸੁਣਨ ਵਾਸਤੇ ਅਤੇ ਉਨ੍ਹਾਂ ਵੱਲੋਂ ਹਰ ਗੱਲ ਵਿਚ ਟੋਕਾ-ਟਾਕੀ ਸੁਣਨ ਵਾਸਤੇ ਹੀ ਆਏ ਹਾਂ। ਬਹੁਤ ਵਾਰੀ ਵੇਖਿਆ ਹੈ ਕਿ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਮਤਲਬ ਨਹੀਂ ਨਿਕਲ ਰਿਹਾ ਹੁੰਦਾ। ਸ਼ੁਰੂ ਤੋਂ ਹੀ ਉਨ੍ਹਾਂ ਦਾ ਲਹਿਜਾ ਅਜਿਹਾ ਹੁੰਦਾ ਹੈ ਕਿ ਬਾਈਕਾਟ ਕਰ ਦਿਉ, ਨਾਅਰੇ ਲਗਾ ਦਿਉ। ਸਪੀਕਰ ਸਾਹਿਬ, ਨਾਅਰੇ ਲਗਾਉਣ ਲਈ ਤਾਂ ਜ਼ਿਲ੍ਹਾ ਹੈਡਕੁਆਰਟਰ ਹਨ, ਜਿਥੇ ਮਰਜ਼ੀ ਜਾ ਕੇ ਲਗਾਏ ਜਾ ਸਕਦੇ ਹਨ। ਜੇ ਤੁਹਾਡੇ ਕੋਲ ਕੋਈ ਗੱਲ ਕਰਨ ਲਈ ਨਹੀਂ, ਲੋਕਾਂ ਦਾ ਕੋਈ ਮੁੱਦਾ ਨਹੀਂ ਜਾਂ ਲੋਕਾਂ ਦੇ ਮੁੱਦੇ ਨਾਲ ਤੁਹਾਨੂੰ ਕੋਈ ਸਰੋਕਾਰ ਨਹੀਂ.....

**ਮਾਨਯੋਗ ਸਪੀਕਰ :** ਪਾਰਲੀਮੈਂਟ ਵਿਚ ਵੀ ਇਹੋ ਪ੍ਰਾਬਲਮ ਹੈ। ਹਰ ਸਟੇਟ ਵਿਚ ਇਹੋ ਪ੍ਰਾਬਲਮ ਆ ਰਹੀ ਹੈ। ਇਸ ਦਾ ਮੇਰੇ ਕੋਲ ਕੋਈ

ਸਲਿਊਸ਼ਨ ਨਹੀਂ ਹੈ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ :** ਸਪੀਕਰ ਸਾਹਿਬ, ਪਿਛਲੀ ਵਾਰ ਇਹ ਤੁਹਾਡੀ ਕੁਰਸੀ ਉਤੇ ਵੀ ਚੜ੍ਹ ਕੇ ਬੈਠ ਗਏ ਸਨ। ਕਿਸ ਤਰ੍ਹਾਂ ਇਨ੍ਹਾਂ ਨੇ ਕਾਗਜ਼ ਖਿਲਾਰੇ, ਕਿਸ ਤਰ੍ਹਾਂ ਫਾਈਲਾਂ ਸੁੱਟੀਆਂ, ਉਹ ਵੀ ਸਾਰੇ ਦੇਸ਼ ਨੂੰ ਪਤਾ ਹੈ। ਇਸ ਨਾਲ ਸਾਡੇ ਲੋਕਰਾਜ ਦੀਆਂ ਕਦਰਾਂ-ਕੀਮਤਾਂ ਦੀ ਕਿਧਰੇ ਨਾ ਕਿਧਰੇ ਸਾਖ਼ ਗਿਰੀ ਹੈ।

**ਮਾਨਯੋਗ ਸਪੀਕਰ :** ਇਹ ਦਰਅਸਲ ਸਾਰੀਆਂ ਸਟੇਟਾਂ ਵਿਚ ਹੀ ਹੋ ਰਿਹਾ ਹੈ। ਮੈਂ ਕੀ ਕਰ ਸਕਦਾ ਹਾਂ?

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ :** ਸਪੀਕਰ ਸਾਹਿਬ, ਤੁਹਾਡੇ ਕੋਲ ਬੜੀ ਪਾਵਰ ਹੈ। ਅਗਰ ਉਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ ਤਾਂ ਉਹ ਉੱਠ ਕੇ ਚਲੇ ਜਾਣ। ਇਥੇ ਬੈਠ ਕੇ ਕਿਸ ਤਰ੍ਹਾਂ ਦੀਆਂ ਅਵਾਜ਼ਾਂ ਕੱਢੀਆਂ ਗਈਆਂ। ਸਪੀਕਰ ਸਾਹਿਬ, ਇਹ ਦੱਸੋ ਕਿ ਕੀ ਮੈਂਬਰ ਸਾਹਿਬ ਖਾਣ-ਪੀਣ ਵਾਲੀਆਂ ਚੀਜ਼ਾਂ ਅੰਦਰ ਲਿਆ ਸਕਦੇ ਹਨ? ਨਹੀਂ ਲਿਆ ਸਕਦੇ। ਉਹ ਮੈਂਬਰ ਇਥੇ ਬੈਠ ਕੇ ਰਿਓੜੀਆਂ ਖਾਂਦੇ ਰਹੇ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) (ਬੈਠੇ-ਬੈਠੇ) :** ਵੀਡੀਉ ਵੀ ਬਣਾਉਂਦੇ ਰਹੇ ਹਨ। ਨਾਗਰੇ (ਸਰਦਾਰ ਕੁਲਜੀਤ ਸਿੰਘ ਨਾਗਰਾ) ਨੇ ਇਥੇ ਵੀਡੀਉ ਵੀ ਬਣਾਈ ਹੈ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ :** ਇਨ੍ਹਾਂ ਨੇ ਇਹ ਨਹੀਂ ਵੇਖਿਆ ਜਿਸ ਨਾਲ ਹਾਊਸ ਦੀ ਮਰਿਆਦਾ ਇੰਨੇ ਵੱਡੇ ਪੱਧਰ ਤੇ ਭੰਗ ਕੀਤੀ ਗਈ ਅਤੇ ਇਸ ਦੀਆਂ ਕਦਰਾਂ-ਕੀਮਤਾਂ ਨੂੰ ਛਿੱਕੇ ਤੇ ਟੰਗਿਆ ਗਿਆ। ਸਪੀਕਰ ਸਾਹਿਬ, ਦੂਜਾ ਮੁੱਖ ਮੁੱਦਾ, ਨਸ਼ੇ ਦੀ ਗੱਲ ਜ਼ਰੂਰ ਕਰੋ। ਇਸ ਵੇਲੇ ਸਾਰਾ ਦੇਸ਼ ਨਸ਼ੇ ਤੋਂ ਪੀੜ੍ਹਤ ਹੈ। ਕਾਂਗਰਸ ਦੇ ਸਿਟਿੰਗ ਐਮ.ਪੀ. ਸੰਤੋਖ ਚੌਧਰੀ ਨੂੰ ਵੀ ਈ.ਡੀ. (ਇਨਫੋਰਸਮੈਂਟ ਡਾਇਰੈਕਟੋਰੇਟ) ਵਾਲਿਆਂ ਨੇ ਬੁਲਾਇਆ ਹੈ। ਕਾਂਗਰਸ ਵਾਲੇ ਡਬਲ ਸਪੀਕਿੰਗ ਨਾ ਕਰਨ। ਇਹ ਉਸ ਦੇ ਅਸਤੀਫ਼ੇ ਦੀ ਵੀ ਮੰਗ ਕਰਨ ਕਿਉਂਜੋ ਉਸ ਨੂੰ ਵੀ ਈ.ਡੀ. ਨੇ ਬੁਲਾਇਆ ਹੈ।

**ਮਾਨਯੋਗ ਸਪੀਕਰ :** ਜੋਸ਼ੀ ਸਾਹਿਬ, ਬਿਲ ਪੇਸ਼ ਕਰੋ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ :** ਸਪੀਕਰ ਸਾਹਿਬ, ਮੇਰੀ ਇਕ ਬੇਨਤੀ ਰਹਿ ਗਈ ਹੈ। ਹਾਊਸ ਦਾ, ਵਿਧਾਨ ਸਭਾ ਦਾ ਮਾਹੌਲ ਥੋੜ੍ਹਾ ਜਿਹਾ ਕੰਸਟ੍ਰਕਟਿਵ ਹੋਵੇ, ਇਥੇ ਕੋਈ ਚੰਗੀ ਗੱਲਬਾਤ ਹੋਵੇ, ਸਾਰਿਆਂ ਨੂੰ ਬੋਲਣ ਦਾ ਮੌਕਾ ਮਿਲੇ ਅਤੇ ਇਸ ਗੱਲਬਾਤ ਵਿਚੋਂ ਕੁਝ ਨਿਕਲੇ। ਆਪਾਂ ਇਥੇ ਮੂਕ ਦਰਸ਼ਕ ਬਣ ਕੇ ਨਾ ਬੈਠੀਏ।

**ਮਾਨਯੋਗ ਸਪੀਕਰ :** ਤੁਹਾਨੂੰ ਇਥੇ ਬਿਠਾ ਦੇਈਏ! **(ਆਪਣੀ ਚੇਅਰ ਵੱਲ ਇਸ਼ਾਰਾ ਕਰਦੇ ਹੋਏ)** I know my duty. Please sit down now.

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ :** ਸਪੀਕਰ ਸਾਹਿਬ, ਜੇਕਰ ਕੋਈ ਗਲਤ ਗੱਲ ਕਹੀ ਗਈ ਹੋਵੇ ਤਾਂ ਮੈਂ ਮੁਆਫੀ ਮੰਗਦਾ ਹਾਂ। ਪਰ ਸਪੀਕਰ ਸਾਹਿਬ, ਇਸ ਉਤੇ ਜ਼ਰੂਰ ਗੌਰ ਕੀਤਾ ਜਾਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਸ਼੍ਰੀ ਅਨਿਲ ਜੋਸ਼ੀ ਜੀ।

------

## LEGISLATIVE BUSINESS

## 1. PUNJAB MUNICIPAL (SECOND AMENDMENT) BILL, 2014

**ਮਾਨਯੋਗ ਸਪੀਕਰ :** ਮੰਤਰੀ ਜੀ ਬਿਲ ਪੇਸ਼ ਕਰਨਗੇ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸ਼੍ਰੀਮਾਨ ਜੀ, ਮੈਂ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ):** ਮਾਨਯੋਗ ਸਪੀਕਰ ਸਾਹਿਬ, ਇਸ ਬਿਲ ਤੇ ਮੈਂ ਇਕ ਕਲੈਰੀਫਿਕੇਸ਼ਨ ਚਾਹੁੰਦਾ ਹਾਂ ਅਤੇ ਇਕ ਸੁਝਾਅ ਦੇਣਾ ਚਾਹੁੰਦਾ ਹਾਂ। ਕਲੈਰੀਫਿਕੇਸ਼ਨ ਇਹ ਹੈ ਕਿ ਬਿਲ ਦੇ ਪੰਨਾ ਨੰ: 2 ਤੇ ਲਿਖਿਆ ਹੈ :

"Provided that in the case of building and land occupied by tenants in perpetuity......"

ਮੰਤਰੀ ਜੀ ਕਿਰਪਾ ਕਰਕੇ "tenants in perpetuity" ਦੀ ਡੈਫੀਨੇਸ਼ਨ ਦੱਸ ਦੇਣ। ਦੂਜਾ ਇਨ੍ਹਾਂ ਨੇ ਬਿਲ ਦੇ ਪੇਜ਼ ਨੰ: 4 ਤੇ ਲਿਖਿਆ ਹੈ :

"Explanation: The expression 'vacant land' shall construe the land comprising any plot which does not contain any structure, may be pucca or kacha.

(B) the building and land owned by the following categories of persons shall be exempted from the payment of tax of five thousand rupees per financial year:"

ਉਸ ਵਿਚ ਵਿਡੋਜ਼ ਅਤੇ ਹੈਂਡੀਕੈਪਡ ਲਿਖਿਆ ਹੈ।

ਮਾਨਯੋਗ ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਹੈ ਕਿ ਵਿਧਵਾ ਔਰਤ ਜਿਸ ਦਾ ਕੋਈ ਸੋਰਸ ਆਫ਼ ਇਨਕਮ ਨਹੀਂ ਹੈ, ਜੇਕਰ ਮਕਾਨ ਦਾ ਕਿਰਾਇਆ ਹੈ ਤਾਂ ਉਸ ਵਾਸਤੇ ਲਿਮੀਟੇਸ਼ਨ ਰੱਖ ਦਿਓ ਕਿ ਜੇਕਰ ਪੰਜਾਹ ਹਜ਼ਾਰ ਤੋਂ ਇਕ ਲੱਖ ਰੁਪਏ ਤੱਕ ਦੀ ਇਨਕਮ ਹੈ, ਉਹ ਮਾਫ਼ ਹੋਵੇਗੀ। ਸਪੀਕਰ ਸਾਹਿਬ, ਕਈ ਕੇਸਿਜ਼ ਇਸ ਤਰ੍ਹਾਂ ਦੇ ਆਉਂਦੇ ਹਨ ਕਿ ਉਸ ਦੇ ਆਪਣੇ ਕੋਲ ਖਾਣ ਲਈ ਪੈਸੇ ਨਹੀਂ ਹਨ ਤੇ ਦੋ ਲੱਖ ਰੁਪਿਆ ਮਿਊਂਸਿਪਲ ਕਾਰਪੋਰੇਸ਼ਨ ਦਾ ਹਾਊਸ ਟੈਕਸ ਦੇਣ ਵਾਲਾ ਹੈ, ਉਹ ਪੇਅ ਕਿਸ ਤਰ੍ਹਾਂ ਕਰੇਗੀ । ਜਿਸ ਵਿਡੋ ਦਾ ਰੈਂਟਲ ਇਨਕਮ

ਤੋਂ ਸਿਵਾ ਕੋਈ ਹੋਰ ਸੋਰਸ ਆਫ ਇਨਕਮ ਨਹੀਂ ਹੈ, ਉਸ ਨੂੰ ਐਗਜ਼ੈਂਪਟ ਕੀਤਾ ਜਾਵੇ ਭਾਵੇਂ ਇਸ ਵਾਸਤੇ ਇੱਕ ਲੱਖ ਰੁਪਿਆ ਸਾਲਾਨਾ ਦੀ ਲਿਮਟ ਰੱਖ ਦਿਓ ਤਾਂ ਕਿ ਘੱਟ ਤੋਂ ਘੱਟ ਉਸ ਦਾ ਖਾਣ-ਪੀਣ ਦਾ ਹੀਲਾ ਵਸੀਲਾ ਬਣਿਆ ਰਵ੍ਹੇ।

ਇਸੇ ਤਰ੍ਹਾਂ ਹੈਂਡੀਕੈਪਡ ਵਾਸਤੇ ਅਸੀਂ ਪੰਜ ਹਜ਼ਾਰ ਰੁਪਿਆ ਵੇਕੈਂਟ ਲੈਂਡ ਉੱਪਰ ਛੱਡਿਆ ਹੈ। ਜੇ ਉਸ ਨੂੰ ਕੋਈ ਰੈਂਟਲ ਇਨਕਮ ਆਉਂਦੀ ਹੈ ਤਾਂ ਉਸ ਵਾਸਤੇ ਪ੍ਰਾਪਰਟੀ ਟੈਕਸ ਦੇਣਾ ਪਵੇਗਾ। ਮਾਨਯੋਗ ਸਪੀਕਰ ਸਾਹਿਬ, ਤੁਸੀਂ ਵੀ ਪਬਲਿਕ ਦੇ ਨੁਮਾਇੰਦੇ ਚੁਣ ਕੇ ਆਏ ਹੋ। ਮੇਰੀ ਬੇਨਤੀ ਹੈ ਕਿ ਮੇਰੇ ਧਿਆਨ ਵਿੱਚ ਕਈ ਅਜਿਹੇ ਕੇਸਿਜ਼ ਆਏ ਹਨ ਕਿ ਵਿਚਾਰੀ ਗਰੀਬ ਵਿਡੋ ਹੈ, ਬੱਚਾ ਵੀ ਨਹੀਂ ਹੈ ਤੇ ਉਸ ਦੀ ਰੈਂਟਲ ਇਨਕਮ ਥੋੜ੍ਹੀ ਹੈ। ਚਾਰ ਲੱਖ ਰੁਪਿਆ ਰੈਂਟ ਹੈ। ਉਹ ਕਿਰਾਏ ਵਿੱਚੋਂ ਪ੍ਰਾਪਰਟੀ ਟੈਕਸ ਦੇਵੇਗੀ ਜਾਂ ਆਪਣਾ ਗੁਜ਼ਾਰਾ ਕਰੇਗੀ। ਸਪੀਕਰ ਸਾਹਿਬ, ਮੇਰੀ ਤੁਹਾਡੇ ਦੁਆਰਾ ਮੰਤਰੀ ਜੀ ਨੂੰ ਪ੍ਰਾਰਥਨਾ ਹੈ ਕਿ "tenants in perpetuity" ਦੀ ਡੈਫੀਨੇਸ਼ਨ ਜ਼ਰੂਰ ਮੈਨੂੰ ਦੱਸ ਦੇਣ ਜੀ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ਪੱਕੇ ਤੌਰ ਤੇ ।

**ਸ਼੍ਰੀ ਮਨੋਰੰਜਨ ਕਾਲੀਆ :** ਕੀ ਪੱਕੇ ਤੌਰ ਤੇ ਹੈ ? ਮਤਲਬ ਹੈ, "tenants in perpetuity", what is the definition. ਕੀ ਤੁਸੀਂ ਇਸ ਨੂੰ ਐਕਟ ਵਿੱਚ ਡਿਫਾਈਨ ਕੀਤਾ ਹੈ ? ਜੇ ਨਹੀਂ ਕੀਤਾ ਤਾਂ ਡਿਫਾਈਨ ਕਰੋ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ਤੁਸੀਂ ਸੁਝਾਓ ਦੇ ਦਿਓ ।

**ਸ਼੍ਰੀ ਮਨੋਰੰਜਨ ਕਾਲੀਆ :** ਨਹੀਂ, ਸੁਝਾਓ ਨਹੀਂ ਹੈ । ਤੁਸੀਂ ਇਸ ਵਿੱਚ ਲਿਖਿਆ ਹੈ ਕਿ ਜੇ "tenants in perpetuity" ਹੈ ਤਾਂ ਪ੍ਰਾਪਰਟੀ ਟੈਕਸ ਉਹ ਪੇਅ ਕਰੇਗਾ। ਆਮ ਤੌਰ ਤੇ ਮਾਲਕ ਟੈਕਸ ਪੇਅ ਕਰਦਾ ਹੈ। ਇਸ ਕਰਕੇ ਇਸ ਨੂੰ ਡਿਫਾਈਨ ਕਰਨਾ ਬਣਦਾ ਹੈ। ਜੇ ਡੈਫੀਨੇਸ਼ਨ ਨਹੀਂ ਦਿੱਤੀ ਹੋਈ ਤਾਂ ਮੇਰੀ ਗੁਜਾਰਿਸ਼ ਹੈ ਕਿ ਇਸ ਨੂੰ ਤੁਸੀਂ ਦੁਬਾਰਾ ਲੈ ਆਓ । "tenants in perpetuity", you have to define it.

**ਮਾਨਯੋਗ ਸਪੀਕਰ :** ਮੈਂ ਸਮਝਦਾ ਹਾਂ, ਇਸ ਦਾ ਇਲਾਜ ਇਹ ਹੈ ਕਿ ਜਿਹੜੀ ਅਮੈਂਡਮੈਂਟ ਤੁਸੀਂ ਚਾਹੁੰਦੇ ਹੋ, ਉਹ ਤੁਸੀਂ ਇਨ ਰਾਈਟਿੰਗ ਜੋਸ਼ੀ

ਸਾਹਿਬ ਨੂੰ ਦੇ ਦਿਓ। ਉਹ ਇਸ ਤੇ ਵਿਚਾਰ ਕਰ ਲੈਣਗੇ।

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਅਮੈਂਡਮੈਂਟ ਇਹ ਲੈ ਕੇ ਆਏ ਹਨ। ਇਸ ਕਰਕੇ ਇਨ੍ਹਾਂ ਨੂੰ ਡਿਫਾਈਨ ਕਰਨਾ ਚਾਹੀਦਾ ਸੀ ਜਿਹੜਾ ਕਿ ਨਹੀਂ ਕੀਤਾ ਗਿਆ।

**ਮਾਨਯੋਗ ਸਪੀਕਰ :** ਕਾਲੀਆ ਜੀ, ਜਿਹੜੀ ਤੁਸੀਂ ਅਮੈਂਡਮੈਂਟ ਦੇ ਰਹੇ ਹੋ, ਇਹ ਇਨ ਰਾਈਟਿੰਗ ਮੇਰੇ ਕੋਲ ਆਉਣੀ ਚਾਹੀਦੀ ਸੀ।

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਮੰਤਰੀ ਜੀ ਐਕਟ ਵਿੱਚ ਇਹ ਅਮੈਂਡਮੈਂਟ ਲੈ ਕੇ ਆਏ ਹਨ ਕਿ "tenants in perpetuity" ਜਿਹੜਾ ਹੋਵੇਗਾ, ਮਾਲਕ ਦੀ ਬਜਾਏ ਉਹ ਪ੍ਰਾਪਰਟੀ ਟੈਕਸ ਪੇਅ ਕਰੇਗਾ।

**ਮਾਨਯੋਗ ਸਪੀਕਰ :** ਇਸ ਦਾ ਰਿਜ਼ਲਟ ਕੁਝ ਨਹੀਂ ਨਿਕਲਣਾ ਜਿਹੜਾ ਤੁਸੀਂ ਚਾਹੁੰਦੇ ਹੋ। ਅਗਰ ਤੁਸੀਂ ਇਨ ਰਾਈਟਿੰਗ ਦਿੰਦੇ, ਫਿਰ ਉਸ ਤੇ ਮੰਤਰੀ ਜੀ ਕੁਝ ਸੋਚਦੇ।

**ਸ਼੍ਰੀ ਮਨੋਰੰਜਨ ਕਾਲੀਆ :** ਨਹੀਂ ਜੀ, ਨਹੀਂ। ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੂੰ ਐਕਟ ਵਿੱਚ ਹੀ ਡਿਫਾਈਨ ਕਰਨਾ ਚਾਹੀਦਾ ਸੀ ਕਿ what is tenant in perpetuity? You have to define it. ਕੀ ਐਗਰੀਮੈਂਟ ਹੋਵੇਗਾ? ਆਮ ਬੰਦਾ ਕਿਰਾਏਦਾਰ ਹੈ ਤੇ ਤੁਸੀਂ ਉਸ ਨੂੰ ਕਹੋਗੇ ਕਿ ਤੂੰ ਕਿਰਾਇਆ ਦੇ। ਤੁਹਾਨੂੰ ਕੈਟੇਗਰਾਈਜ਼ ਕਰਨਾ ਪਵੇਗਾ। ਜੋ ਇਨ੍ਹਾਂ ਨੇ ਡਿਫਾਈਨ ਨਹੀਂ ਕੀਤਾ। ਸੋ, ਜਿਹੜੀ ਡੈਫੀਨੇਸ਼ਨ ਹੈ, ਉਹ ਲਿਆਉਣੀ ਚਾਹੀਦੀ ਹੈ। ਮੇਰੀ ਗੁਜਾਰਿਸ਼ ਹੈ ਕਿ "tenants in perpetuity" ਬਾਰੇ ਇਹ ਦੱਸਣ, ਇਹ ਕੀ ਹੈ? ਇਹ ਐਕਟ ਵਿੱਚ ਡਿਫਾਈਨ ਕਰਨ। ਇਹ ਸਰਕਾਰ ਵੱਲੋਂ ਅਮੈਂਡਮੈਂਟ ਲੈ ਕੇ ਆਏ ਹਨ, ਇਹ ਅਧੂਰੀ ਹੈ ਜਦ ਤੱਕ ਤੁਸੀਂ ਉਸ ਨੂੰ ਡਿਫਾਈਨ ਨਾ ਕਰੋ ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ਸਪੀਕਰ ਸਾਹਿਬ, ਜੇ ਇਨ੍ਹਾਂ ਨੂੰ ਲਗਦਾ ਹੈ ਕਿ ਕੋਈ ਲਫਜ਼ ਇਹੋ ਜਿਹਾ ਹੈ, ਜਿਸ ਨਾਲ ਗੱਲ ਕਲੀਅਰ ਨਹੀਂ ਹੁੰਦੀ, ਉਹ ਅਸੀਂ ਚੇਂਜ਼ ਕਰ ਦੇਵਾਂਗੇ ।

**ਮਾਨਯੋਗ ਸਪੀਕਰ :** ਜੋਸ਼ੀ ਸਾਹਿਬ, ਬਿਲ ਤਾਂ ਹੁਣ ਪਾਸ ਹੋ ਜਾਣਾ ਹੈ ਤੇ ਤੁਸੀਂ ਫਿਰ ਉਸ ਵਿੱਚ ਦੁਬਾਰਾ ਅਮੈਂਡਮੈਂਟ ਕਰੋਗੇ ।

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਬਿਲ ਪਾਸ ਹੋਣ ਤੋਂ ਬਾਅਦ ਵਿੱਚ ਕਲੈਰੀਫਿਕੇਸ਼ਨ ਨਹੀਂ ਹੋ ਸਕਦੀ। ਇਹ ਤਾਂ ਐਕਟ ਵਿੱਚ ਅਮੈਂਡਮੈਂਟ ਹੋਵੇਗੀ ਕਿ What is the definition of tenant in perpetuity. ਇਹ ਤੁਹਾਨੂੰ ਡਿਫਾਈਨ ਕਰਨਾ ਪਵੇਗਾ। ਜੇ ਤੁਸੀਂ ਡਿਫਾਈਨ ਨਹੀਂ ਕੀਤਾ ਤਾਂ ਉਸ ਲਫਜ਼ ਦਾ ਅਫ਼ਸਰ ਅਨਰਥ ਲੈਣਗੇ। ਕੋਈ ਵੀ ਜਿਹੜਾ ਕਿਰਾਏਦਾਰ ਹੋਵੇਗਾ ਉਸ ਨੂੰ ਕਹਿਣਗੇ ਕਿ ਪ੍ਰਾਪਰਟੀ ਟੈਕਸ ਦਿਓ। So you have to define it. ਮੇਰੀ ਮੰਤਰੀ ਜੀ ਨੂੰ ਪ੍ਰਾਰਥਨਾ ਹੈ ਕਿ ਇਸ ਬਿਲ ਨੂੰ ਵਿਦਡਰਾਅ ਕਰਕੇ ਨੈਕਸਟ ਸੈਸ਼ਨ ਵਿੱਚ ਲੈ ਆਉਣ ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ਸਪੀਕਰ ਸਾਹਿਬ, ਅਸੀਂ ਕਲੀਅਰ ਹਾਂ। ਇਹ ਆਪਣੀ ਅਮੈਂਡਮੈਂਟ ਲਿਖ ਕੇ ਦੇ ਦੇਣ। ਜੇ ਇਨ੍ਹਾਂ ਨੂੰ ਕੁਝ ਲਗਦਾ ਹੈ ਤਾਂ ਇਹ ਲਿਖ ਕੇ ਦੇ ਦੇਣ।

**ਮਾਨਯੋਗ ਸਪੀਕਰ :** ਜੇ ਮੰਤਰੀ ਜੀ ਕਹਿੰਦੇ ਹਨ ਕਿ ਅਸੀਂ ਕਲੀਅਰ ਹਾਂ, ਫਿਰ ਠੀਕ ਹੈ ।

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਕੀ ਕਲੀਅਰ ਹੈ ? ਜਿਹੜਾ ਐਕਟ ਤੁਸੀਂ ਪਾਸ ਕਰ ਰਹੇ ਹੋ ਕਿ ਉਸ ਵਿੱਚ ਦਿਖਾ ਦਿਓ ਕਿ ਇਹ ਡੈਫੀਨੇਸ਼ਨ ਲਿਖੀ ਹੈ ਜਾਂ ਨਹੀਂ। ਜੇ ਨਹੀਂ ਲਿਖੀ ਤਾਂ ਉਹ ਲਿਖਣੀ ਪਵੇਗੀ । ਸਪੀਕਰ ਸਾਹਿਬ, ਤੁਸੀਂ ਵੀ ਵਕੀਲ ਹੋ ।

**ਮਾਨਯੋਗ ਸਪੀਕਰ :** ਮੈਂ ਸਮਝਦਾ ਹਾਂ ਕਿ ਜੋ ਤੁਸੀਂ ਕਹਿ ਰਹੇ ਹੋ that may be right ਪਰ ਜੇ ਤੁਸੀਂ ਇਸ ਸਬੰਧੀ ਲਿਖ ਕੇ ਦਿੰਦੇ ਤਾਂ ਮੈਂ ਉਸ ਬਾਰੇ ਹਾਊਸ ਦੀ ਰਾਏ ਜਾਣ ਲੈਂਦਾ।

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਤੁਸੀਂ ਬਹਿਸ ਕਿਹਾ ਸੀ। ਮੇਰੇ ਕੋਲ ਬਿਲ ਆਇਆ ਤਾਂ ਮੈਂ ਉਸ ਤੇ ਬਹਿਸ ਕਰ ਰਿਹਾ ਹਾਂ ਜੀ। ਲਿਖ ਕੇ ਦੇਣ ਵਾਲੀ ਤਾਂ ਗੱਲ ਹੀ ਨਹੀਂ। ਇਹ ਡਿਫਾਈਨ ਤਾਂ ਸਰਕਾਰ ਨੇ ਕਰਨਾ ਹੈ ਅਤੇ ਐਕਟ ਵਿੱਚ ਕਰਨਾ ਹੈ। ਮੇਰੀ ਪ੍ਰਾਰਥਨਾ ਹੈ ਕਿ ਐਕਟ ਵਿੱਚ ਡਿਫਾਈਨ ਕੀਤਾ ਜਾਵੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਬਿਲ ਪਾਸ ਕਰ ਦੇਈਏ ਅਤੇ ਜੇਕਰ ਕੋਈ

ਐਕਸਪਲੇਨੇਸ਼ਨ ਦੀ ਲੋੜ ਹੋਈ ਤਾਂ ਉਹ ਬਾਅਦ ਵਿੱਚ ਐਡ ਕਰ ਦਿਆਂਗੇ। ਵੈਸੇ ਵੀ under the Act it is occupier who has to pay the tax.

**ਸ਼੍ਰੀ ਮਨੋਰੰਜਨ ਕਾਲੀਆ :** ਮਾਨਯੋਗ ਸਪੀਕਰ ਸਾਹਿਬ, ਪਰਾਪਰਟੀ ਟੈਕਸ ਓਨਰ ਤੇ ਲਗਦਾ ਹੈ। ਮੈਂ ਹੁਣ ਕੀ ਕਹਾਂ, ਤੁਸੀਂ ਵਕਾਲਤ ਭੁੱਲੇ ਤਾਂ ਨਹੀਂ ਹੋਣੇ ਲੇਕਿਨ ਆਪਾਂ ਡਿਫੈਂਡ ਗਲਤ ਕਰ ਰਹੇ ਹਾਂ। Property tax is always paid by the owner. ਇਨ੍ਹਾਂ ਨੇ ਕਿਹਾ ਹੈ ਕਿ tenant in perpetuity ਉਹ ਟੈਕਸ ਪੇਅ ਕਰ ਸਕਦਾ ਹੈ। ਇਸ ਦੀ ਡੈਫੀਨੀਸ਼ਨ ਤਾਂ ਆਉਣੀ ਚਾਹੀਦੀ ਹੈ ਜੀ। ਆਪਾਂ ਅਧੂਰਾ ਕੰਮ ਕਿਉਂ ਕਰ ਰਹੇ ਹਾਂ? ਆਫਟਰ-ਆਲ ਅਸੀਂ 117 ਬੰਦੇ ਇਥੇ ਬੈਠੇ ਹਾਂ। ਅਸੀਂ ਐਕਟ ਅਧੂਰਾ ਲੈ ਕੇ ਆਏ ਹਾਂ ਅਤੇ ਇਹ ਠੀਕ ਨਹੀਂ ਹੈ। ਮੇਰੀ ਪ੍ਰਾਰਥਨਾ ਹੈ ਕਿ ਮੰਤਰੀ ਜੀ ਇਸ ਬਿਲ ਨੂੰ ਵਿਦਡਰਾਅ ਕਰਕੇ ਨੈਕਸਟ ਟਾਈਮ ਲੈ ਆਉਣ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਸਰ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਬਿਲ ਲਿਆਂਦਾ ਹੈ। He is very clear that tenant in perpetuity is, ਜਿਹੜਾ ਪੱਕੇ ਤੌਰ ਤੇ ਟੇਨੈਂਟ ਹੈ, ਉਹ ਪਰਾਪਰਟੀ ਟੈਕਸ ਪੇਅ ਕਰੇਗਾ। ਜੇ ਮਾਨਯੋਗ ਮੈਂਬਰ ਸਾਹਿਬ ਨੂੰ ਇਸ ਸਬੰਧੀ ਕੋਈ ਵਹਿਮ ਹੈ ਜਾਂ ਉਨ੍ਹਾਂ ਨੂੰ ਲਗਦਾ ਹੈ ਕਿ ਇਸ ਅਮੈਂਡਮੈਂਟ ਦੀ ਲੋੜ ਹੈ ਤਾਂ ਇਹ ਰਿਟਨ ਵਿੱਚ ਅਮੈਂਡਮੈਂਟ ਦੇ ਦਿੰਦੇ। ਉਸ ਤੇ ਵਿਚਾਰ ਨਾਲ ਹੀ ਹੋ ਜਾਂਦਾ। ਉਹ ਮੰਨਿਆ ਜਾਂਦਾ ਜਾਂ ਨਾ ਮੰਨਿਆ ਜਾਂਦਾ ਉਹ ਵੱਖਰੀ ਗੱਲ ਸੀ। ਕੀ ਹਰ ਇੱਕ ਚੀਜ਼ ਨੂੰ ਡਿਫਾਈਨ ਕਰਨਾ ਜ਼ਰੂਰੀ ਹੈ? Is it necessary? ਇੱਕ ਇੱਕ ਅੱਖਰ ਨੂੰ ਆਪਾਂ ਡਿਫਾਈਨ ਥੋੜ੍ਹਾ ਕਰਾਂਗੇ। ਮਾਨਯੋਗ ਮੈਂਬਰ ਸਾਹਿਬ ਨੂੰ ਲਗਦਾ ਹੈ ਕਿ ਡਿਫਾਈਨ ਕਰਨਾ ਜ਼ਰੂਰੀ ਹੈ ਪਰੰਤੂ ਮੰਤਰੀ ਜੀ ਨੂੰ ਅਜਿਹਾ ਨਹੀਂ ਲਗਦਾ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਜਿਵੇਂ ਕਾਲੀਆ ਸਾਹਿਬ ਕਹਿੰਦੇ ਹਨ, ਐਕਟ ਦੇ ਵਿੱਚ "tenants in perpetuity" ਨੂੰ ਡਿਫਾਈਨ ਕਰਨਾ, is a must. Without that you cannot impose a tax ਕਿ ਕਿੰਨੀ ਦੇਰ ਵਾਸਤੇ ਉਹ perpetuity ਹੈ। ਸੈਕੰਡਲੀ, ਜਿਹੜੀ ਗੱਲ ਵਜ਼ੀਰ ਸਾਹਿਬ ਕਹਿ ਰਹੇ ਹਨ ਕਿ ਅਸੀਂ ਬਾਅਦ ਵਿੱਚ ਕਰ ਲਵਾਂਗੇ। Act is going to be passed today, ਬਾਅਦ ਵਿੱਚ ਕੀ ਹੋਏਗਾ? ਬਾਅਦ ਵਿੱਚ ਤਾਂ ਕੁਝ ਨਹੀਂ

[ ਜਸਟਿਸ ਨਿਰਮਲ ਸਿੰਘ ]

ਹੋਣਾ। Nothing will happen after that. ਵਜ਼ੀਰ ਸਾਹਿਬ ਇਸ ਨੂੰ ਹੁਣੇ ਹੀ ਡਿਫਾਈਨ ਕਰ ਦੇਣ ਕਿ what is the definition of perpetuity?

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਸ ਦੀ ਡੈਫੀਨੀਸ਼ਨ ਇਹ ਹੈ –

> That in the case of land and buildings occupied by the tenants in perpetuity, the tax shall be payable by such tenants.

ਜੇ ਇਸ ਤੋਂ ਕਲੀਅਰ ਨਹੀਂ ਹੁੰਦਾ ਤਾਂ ਫਿਰ ਮਿਆਦ 25 ਸਾਲ ਕਰ ਦਿੰਦੇ ਹਾਂ ਜੀ। ਵੈਸੇ ਗੱਲ ਤਾਂ ਮੈਨੂੰ ਕੋਈ ਹੋਰ ਜਾਪਦੀ ਹੈ। ਅਸਲ ਦੇ ਵਿੱਚ ਗੱਲ ਪਰਪੈਚੂਟੀ ਦੀ ਨਹੀਂ ਹੈ।

**ਸ਼੍ਰੀ ਮਨੋਰੰਜਨ ਕਾਲੀਆ :** ਮੈਂ ਇਹੀ ਪੁੱਛ ਰਿਹਾ ਹਾਂ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ਤੁਹਾਨੂੰ ਤਾਂ ਹੁਣ ਦੱਸ ਦਿੱਤਾ ਹੈ।

**ਸ਼੍ਰੀ ਮਨੋਰੰਜਨ ਕਾਲੀਆ :** ਅੱਗੇ ਦੱਸਿਆ ਨਹੀਂ ਨਾ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ਹੁਣ ਹੋ ਗਿਆ ਨਾ ....(ਹਾਸਾ).... ਗੱਲ ਅਸਲ ਵਿੱਚ ਕੋਈ ਹੋਰ ਹੋਣੀ ਹੈ। ਇਨ੍ਹਾਂ ਨੂੰ ਸਭ ਕੁਝ ਪਤਾ ਸੀ, ਬਸ ਐਵੇਂ ...(ਵਿਘਨ)... (ਹਾਸਾ)....

**ਸ਼੍ਰੀ ਮਨੋਰੰਜਨ ਕਾਲੀਆ :** ਵਿਡੋ ਅਤੇ ਹੈਂਡੀਕੈਪਡ ਨੂੰ ਜਿਹੜੀ 5000 ਰੁਪਏ ਦੀ ਐਗਜ਼ੈਂਪਨ ਦਿੱਤੀ ਹੋਈ ਹੈ, ਮੰਤਰੀ ਜੀ ਉਸ ਬਾਰੇ ਵੀ ਦੱਸ ਦੇਣ।

**ਮਾਨਯੋਗ ਸਪੀਕਰ :** ਜੋਸ਼ੀ ਸਾਹਿਬ, ਤੁਸੀਂ ਦੁਬਾਰਾ ਕੁਝ ਕਹਿਣਾ ਹੈ?

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ :** ਨਹੀਂ ਜੀ, ਮੈਂ ਬਿਲ ਪੇਸ਼ ਕਰ ਦਿੱਤਾ ਹੈ ਜੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਪੰਜਾਬ ਮਿਉਂਸਪਲ (ਦੂਜੀ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਲਿ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 8**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 8 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 8 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਮਾਨਯੋਗ ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਮਿਉਂਸਪਲ (ਦੂਜੀ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਮਿਉਂਸਪਲ (ਦੂਜੀ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਪੰਜਾਬ ਮਿਉਂਸਪਲ (ਦੂਜੀ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------

## 2. THE PUNJAB MUNICIPAL CORPORATION (SECOND AMENDMENT) BILL, 2014

***(Replacing Ordinance)***

**ਮਾਨਯੋਗ ਸਪੀਕਰ :** ਸਥਾਨਕ ਸਰਕਾਰ ਮੰਤਰੀ, ਸ਼੍ਰੀ ਅਨਿਲ ਜੋਸ਼ੀ ਜੀ ਬਿਲ ਪੇਸ਼ ਕਰਨਗੇ ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ):** ਸ਼੍ਰੀਮਾਨ ਜੀ, ਮੈਂ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 10**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 10 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਆਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਕਲਾਜ਼ਾਂ 2 ਤੋਂ 10 ਤੱਕ ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਪ੍ਰਸਤਾਵ ਪ੍ਰਵਾਨ ਹੋਇਆ।**

-----

## 3. THE NORTHERN INDIA CANAL AND DRAINAGE (PUNJAB AMENDEMENT) BILL, 2014

### *(Replacing Ordinance)*

**ਮਾਨਯੋਗ ਸਪੀਕਰ :** ਸਿੰਜਾਈ ਮੰਤਰੀ ਜੀ ਬਿਲ ਪੇਸ਼ ਕਰਨ ।

**ਸਿੰਜਾਈ ਮੰਤਰੀ (ਸਰਦਾਰ ਸ਼ਰਨਜੀਤ ਸਿੰਘ ਢਿੱਲੋਂ) :** ਸ਼੍ਰੀਮਾਨ ਜੀ, ਮੈਂ ਉੱਤਰੀ ਭਾਰਤ ਕੈਨਾਲ ਅਤੇ ਡ੍ਰੇਨੇਜ਼ (ਪੰਜਾਬ ਸੋਧਨਾ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਉੱਤਰੀ ਭਾਰਤ ਕੈਨਾਲ ਅਤੇ ਡ੍ਰੇਨੇਜ਼ (ਪੰਜਾਬ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਉੱਤਰੀ ਭਾਰਤ ਕੈਨਾਲ ਅਤੇ ਡ੍ਰੇਨੇਜ਼ (ਪੰਜਾਬ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਉੱਤਰੀ ਭਾਰਤ ਕੈਨਾਲ ਅਤੇ ਡ੍ਰੇਨੇਜ਼ (ਪੰਜਾਬ ਸੋਧਨਾ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 5**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 5 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ।

(**ਆਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 5 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਿੰਜਾਈ ਮੰਤਰੀ (ਸਰਦਾਰ ਸ਼ਰਨਜੀਤ ਸਿੰਘ ਢਿੱਲੋਂ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਉੱਤਰੀ ਭਾਰਤ ਕੈਨਾਲ ਅਤੇ ਡ੍ਰੇਨੇਜ਼ (ਪੰਜਾਬ ਸੋਧਨਾ) ਬਿਲ, ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਉੱਤਰੀ ਭਾਰਤ ਕੈਨਾਲ ਅਤੇ ਡ੍ਰੇਨੇਜ਼ (ਪੰਜਾਬ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਉੱਤਰੀ ਭਾਰਤ ਕੈਨਾਲ ਅਤੇ ਡ੍ਰੇਨੇਜ਼ (ਪੰਜਾਬ ਸੋਧਨਾ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------

**ਮਾਨਯੋਗ ਸਪੀਕਰ :** ਮੈਂ ਹਾਊਸ ਦੇ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਇਨ ਫਿਊਚਰ ਹਾਊਸ ਵਿੱਚ ਪੇਸ਼ ਹੋਣ ਵਾਲੇ ਬਿਲਾਂ ਉੱਪਰ ਜਿਹੜੇ ਆਨਰੇਬਲ ਮੈਂਬਰਜ਼ ਕੁਝ ਬੋਲਣਾ ਚਾਹੁੰਦੇ ਹਨ ਜਾਂ ਬਿਲ ਵਿੱਚ ਕੋਈ ਅਮੈਂਡਮੈਂਟ ਕਰਵਾਉਣਾ ਚਾਹੁੰਦੇ ਹਨ, ਉਹ ਆਪਣੀ ਅਮੈਂਡਮੈਂਟ ਵਿਦ ਨੋਟਿਸ ਅਤੇ ਵਿਦਇਨ ਟਾਈਮ ਪਹਿਲਾਂ ਭੇਜਣ ਭਾਵ ਸੈਸ਼ਨ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਅਮੈਂਡਮੈਂਟ ਭੇਜੀ ਜਾਵੇ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਰਿਕੁਐਸਟ ਹੈ ਕਿ ਬਿਲ ਦੀ ਕਾਪੀ ਇੱਥੇ ਹਾਊਸ ਵਿੱਚ ਟੇਬਲ ਤੇ ਮਿਲਦੀ ਹੈ। ਫੇਰ ਉਸ ਵਾਸਤੇ ਕੋਈ ਮੈਂਬਰ ਪਹਿਲਾਂ ਅਮੈਂਡਮੈਂਟ ਕਿਸ ਤਰ੍ਹਾਂ ਭੇਜ ਸਕਦਾ ਹੈ। ਸੈਸ਼ਨ ਦੇ ਸ਼ੁਰੂ ਹੋਣ ਤੋਂ ਬਾਅਦ ਤਾਂ ਬਿਲਾਂ ਦੀ ਕਾਪੀ ਮਿਲਦੀ ਹੈ। ਇਹ ਕਾਪੀ ਸੈਸ਼ਨ ਸ਼ੁਰੂ ਹੋਣ ਤੋਂ ਤਿੰਨ ਦਿਨ ਜਾਂ ਦੋ ਦਿਨ ਪਹਿਲਾਂ ਮਿਲਣੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਮੈਂ ਤੁਹਾਡੇ ਸਾਰਿਆਂ ਨਾਲ ਸਹਿਮਤ ਹਾਂ। ਪ੍ਰੈਕਟਿਸ ਇਹੀ ਹੈ ਅਤੇ ਅਜਿਹਾ ਹੋਣਾ ਵੀ ਚਾਹੀਦਾ ਹੈ ਕਿ ਸਰਕਾਰੀ ਤੌਰ ਤੇ ਬਿਲ ਮੈਂਬਰਜ਼ ਨੂੰ ਪਹਿਲਾਂ ਮਿਲ ਜਾਣਾ ਚਾਹੀਦਾ ਹੈ ਤਾਂ ਕਿ ਮੈਂਬਰਜ਼ ਨੇ ਉਸ ਬਿਲ ਤੇ ਕੀ ਬੋਲਣਾ ਹੈ ਜਾਂ ਕੋਈ ਅਮੈਂਡਮੈਂਟ ਦੇਣੀ ਹੈ, ਇਸ ਬਾਰੇ ਐਡਵਾਂਸ ਵਿੱਚ ਪਤਾ ਲੱਗ ਜਾਵੇ। ਇਸ ਲਈ ਇਹ ਜ਼ਰੂਰੀ ਹੈ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਬਿਲਾਂ ਦੀ ਕਾਪੀ ਮੈਂਬਰਾਂ ਨੂੰ ਇੱਕ ਦਿਨ ਪਹਿਲਾਂ ਭੇਜ ਦਿੱਤੀ ਜਾਵੇ ਤਾਂ ਹੀ ਠੀਕ ਹੈ। ਕਮ-ਅਜ਼-ਕਮ ਇਕ ਦਿਨ ਪਹਿਲਾਂ ਤਾਂ ਜ਼ਰੂਰ ਮਿਲ ਜਾਣੀ ਚਾਹੀਦੀ ਹੈ।

------

## 4. THE SANT BABA BHAG SINGH UNIVERSITY BILL,2014

***(Replacing Ordinance)***

**ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਸ਼੍ਰੀਮਾਨ ਜੀ, ਮੈਂ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ ਕਾਲੀਆ ਜੀ?

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) :** ਮਾਨਯੋਗ ਸਪੀਕਰ ਸਾਹਿਬ, ਇਕ ਯੂਨੀਵਰਸਿਟੀ ਹੋਰ ਬਣਨ ਲੱਗੀ ਹੈ, ਜਿਸ ਦਾ ਨਾਂ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਹੈ। ਸਪੀਕਰ ਸਾਹਿਬ, ਪਹਿਲਾਂ ਵੀ ਪ੍ਰਾਈਵੇਟ ਯੂਨੀਵਰਸਿਟੀਆਂ ਬਣੀਆਂ ਹੋਈਆਂ ਹਨ। ਜਦੋਂ ਉਨ੍ਹਾਂ ਯੂਨੀਵਰਸਿਟੀਆਂ ਦੇ ਬਿਲ ਆਏ ਸੀ, ਉਦੋਂ ਵੀ ਇਹ ਖਦਸ਼ਾ ਜਾਹਿਰ ਕੀਤਾ ਗਿਆ ਸੀ ਕਿ ਅੱਜ ਜਿੰਨੀ ਤਾਦਾਦ ਵਿੱਚ ਯੂਨੀਵਰਸਿਟੀਆਂ ਦਾ ਨੰਬਰ ਵੱਧ ਰਿਹਾ ਹੈ, ਉਸ ਨਾਲ ਯੂਨੀਵਰਸਿਟੀਆਂ ਦੀ ਵੁਕਤ ਕਿਤੇ ਖ਼ਤਮ ਨਾ ਹੋ ਜਾਵੇ। ਇਨ੍ਹਾਂ ਯੂਨੀਵਰਸਿਟੀਆਂ ਕੋਲ ਆਪਣੇ ਕੋਰਸਿਜ਼ ਅਡਾਪਟ ਕਰਨ ਦੀ ਖੁਦਮੁਖਤਿਆਰੀ ਹੈ, ਕਲਾਸਿਜ਼ ਦੀ ਗਿਣਤੀ ਵਧਾਉਣ ਦੀ ਖੁਦਮੁਖਤਿਆਰੀ ਹੈ। ਇਹ ਕਿਸ ਮਨੋਰਥ ਨਾਲ ਆ ਰਹੀਆਂ ਹਨ? ਕਮਰਸ਼ੇਲਾਈਜੇਸ਼ਨ ਵਾਸਤੇ ਤਾਂ ਕਿ ਅਸੀਂ ਆਪਣਾ ਪ੍ਰਾਫਿਟ ਵਧਾਈਏ। ਇਹ ਇਤਰਾਜ਼ ਨਹੀਂ ਹੈ, ਇਸ ਬਿਲ ਨੂੰ ਵੀ ਪਾਸ ਕਰ ਦਿਓ। ਸਵਾਲ ਇਹ ਹੈ ਕਿ ਕੀ ਇਥੋਂ ਡਿਗਰੀਆਂ ਲੈ ਕੇ ਬੱਚਿਆਂ ਨੂੰ ਨੌਕਰੀਆਂ ਮਿਲਣਗੀਆਂ? ਜਿਹੜੇ ਬੱਚੇ ਇਨ੍ਹਾਂ ਯੂਨੀਵਰਸਿਟੀਆਂ ਵਿਚੋਂ ਪੜ੍ਹ ਕੇ ਜਾਣਗੇ ਕਿਤੇ ਉਹ ਸਿਰਫ਼ ਸਰਟੀਫਿਕੇਟ ਲੈ ਕੇ ਹੀ ਤਾਂ ਨਹੀਂ ਜਾਣਗੇ ਕਿ ਸਾਡੇ ਕੋਲ ਗਰੈਜੂਏਸ਼ਨ ਦਾ ਸਰਟੀਫਿਕੇਟ ਹੈ ਅਤੇ ਫੇਰ ਦਰ-ਬ-ਦਰ ਭਟਕਣਗੇ, ਇਸ ਨਾਲ ਸਿਰਫ਼ ਅਨਇੰਪਲਾਇਮੈਂਟ ਵਧੇਗੀ।

ਦੂਜੀ ਗੱਲ, ਇਨ੍ਹਾਂ ਤੇ ਕੋਈ ਚੈੱਕ ਹੋਵੇ। ਇਨ੍ਹਾਂ ਵਾਸਤੇ ਕੋਈ ਰੈਗੂਲੇਟਰੀ ਕਮਿਸ਼ਨ ਬਣਾਇਆ ਜਾਵੇ ਤਾਂ ਕਿ ਪਤਾ ਲੱਗੇ ਕਿ ਇਹ ਯੂਨੀਵਰਸਿਟੀਆਂ ਕੀ ਕਰ ਰਹੀਆਂ ਹਨ? ਇਹ ਯੂਨੀਵਰਸਿਟੀਆਂ ਕਿਹੜੇ ਕੋਰਸ ਲਿਆ ਰਹੀਆਂ ਹਨ? ਕੀ ਇਨ੍ਹਾਂ ਨੇ ਨਵੇਂ ਕੋਰਸਿਜ਼ ਨੂੰ ਅਡਾਪਟ ਕੀਤਾ ਹੈ? ਜਿਹੜੇ ਕੋਰਸ ਇੰਟਰੋਡਿਊਸ ਕੀਤੇ ਹਨ, ਕੀ ਉਸ ਵਾਸਤੇ ਇਨ੍ਹਾਂ ਯੂਨੀਵਰਸਿਟੀਆਂ ਕੋਲ ਇਨਫ੍ਰਾਸਟ੍ਰਕਚਰ ਹੈ? ਟ੍ਰੇਨਿੰਗ ਦੇਣ ਵਾਸਤੇ ਜੋ ਇਕਵਿਪਮੈਂਟਸ ਰਿਕੁਆਇਰਡ ਹਨ, ਕੀ ਉਹ ਇਨ੍ਹਾਂ ਕੋਲ ਅਵੇਲੇਬਲ ਹਨ? ਇਨ੍ਹਾਂ ਸਾਰੀਆਂ ਗੱਲਾਂ ਨੂੰ ਚੈੱਕ ਕੌਣ ਕਰੇਗਾ? ਅਸੀਂ ਯੂਨੀਵਰਸਿਟੀ ਬਣਾ ਦਿੰਦੇ ਹਾਂ ਕਿਉਂਕਿ ਯੂਨੀਵਰਸਿਟੀ ਖੁਦਮੁਖਤਿਆਰ ਸੰਸਥਾ ਹੈ। ਉਹ ਆਪਣੇ ਤੌਰ ਤੇ ਕੋਰਸਿਜ਼ ਕਰਵਾ ਸਕਦੇ ਹਨ, ਫੀਸ ਸਟ੍ਰਕਚਰ ਹੈ। ਇਹ ਦੇਖਣਾ ਚਾਹੀਦਾ ਹੈ ਕਿ ਜਿਹੜੇ ਕੋਰਸਿਜ਼ ਹਨ, ਕੀ ਉਨ੍ਹਾਂ ਵਿੱਚ ਲੇਟੈਸਟ ਡਿਵੈਲਪਮੈਂਟਸ ਹੁੰਦੀਆਂ ਹਨ? ਦੁਨੀਆ ਵਿੱਚ ਕਈ ਤਰ੍ਹਾਂ ਦੀਆਂ ਨਵੀਆਂ ਚੀਜ਼ਾਂ ਆਉਂਦੀਆਂ ਹਨ, ਇਹ ਵੇਖਿਆ ਜਾਵੇ ਕਿ ਕੀ ਇਹ ਉਨ੍ਹਾਂ ਨੂੰ ਇੰਟਰੋਡਿਊਸ ਕਰ ਰਹੇ ਹਨ ਜਾਂ ਨਹੀਂ? ਸਿਰਫ ਅਨਇੰਪਲਾਇਡ ਗ੍ਰੈਜੂਏਟਸ ਦੀ ਤਾਦਾਦ ਹੀ ਨਾ ਵੱਧ ਜਾਵੇ।

ਪੰਜਾਬ ਵਿੱਚ ਅਸੀਂ ਇਸ ਢੰਗ ਦੀਆਂ ਯੂਨੀਵਰਸਿਟੀਆਂ ਨਾ ਬਣਨ ਦੇਈਏ ਕਿ ਵਿਦਿਆਰਥੀਆਂ ਕੋਲ ਸਿਰਫ਼ ਸਰਟੀਫਿਕੇਟਸ ਹੋਣ ਪਰੰਤੂ ਨੌਕਰੀਆਂ ਨਾ ਹੋਣ। ਮਾਨਯੋਗ ਸਪੀਕਰ ਸਾਹਿਬ, ਮੇਰੀ ਪ੍ਰਾਰਥਨਾ ਹੈ ਕਿ ਇਸ ਸਿਸਟਮ ਨੂੰ ਅਸੀਂ ਇਵੇਂ ਵਾਜਬ ਬਣਾਈਏ ਕਿ ਕੋਈ ਨਾ ਕੋਈ ਰੈਗੂਲੇਟਰੀ ਕਮਿਸ਼ਨ ਹੋਵੇ ਜੋ ਕਿ ਇਨ੍ਹਾਂ ਸਾਰੀਆਂ ਗੱਲਾਂ ਸਬੰਧੀ ਯੂਨੀਵਰਸਿਟੀ ਤੇ ਚੈੱਕ ਰੱਖੇ ਕਿ ਇਹ ਯੂਨੀਵਰਸਿਟੀਆਂ ਕੀ ਕਰ ਰਹੀਆਂ ਹਨ ਅਤੇ ਸਾਡੀ ਰਿਕੁਆਇਰਮੈਂਟ ਕੀ ਹੈ। ਠੀਕ ਹੈ, ਸਾਡੀ ਸਟੇਟ ਵਿੱਚ ਦੂਜੀਆਂ ਸਟੇਟਾਂ ਤੋਂ ਵੀ ਵਿਦਿਆਰਥੀ ਇੱਥੇ ਪੜ੍ਹਨ ਵਾਸਤੇ ਆਉਂਦੇ ਹਨ। ਬਿਲਕੁਲ ਠੀਕ ਹੈ। ਕੋਈ ਸਮਾਂ ਸੀ ਕਿ ਪਹਿਲਾਂ ਸਾਡੀ ਸਟੇਟ ਵਿੱਚੋਂ ਬੱਚੇ ਬਾਹਰਲੀਆਂ ਸਟੇਟਾਂ ਵਿੱਚ ਪੜ੍ਹਨ ਵਾਸਤੇ ਜਾਂਦੇ ਸੀ ਪਰੰਤੂ ਅਸੀਂ ਯੂਨੀਵਰਸਿਟੀਆਂ ਨੂੰ ਗ੍ਰੈਜੂਏਟ ਕਰੀਏਟਿੰਗ ਜਾਂ ਗ੍ਰੈਜੂਏਟ ਮੈਨੂਫੈਕਚਰਿੰਗ ਮਸ਼ੀਨਾਂ ਨਾ ਬਣਨ ਦੇਈਏ। ਸੋ, ਇਸ ਗੱਲ ਤੇ ਚੈੱਕ ਰੱਖਣਾ ਚਾਹੀਦਾ ਹੈ, ਮੈਂ ਇਸ ਗੱਲ ਦੀ ਮਾਨਯੋਗ ਮੰਤਰੀ ਸਾਹਿਬ ਨੂੰ ਗੁਜਾਰਿਸ਼ ਕਰਦਾ ਹਾਂ। ਧੰਨਵਾਦ ਜੀ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ :** ਸਰਦਾਰ ਇਕਬਾਲ ਸਿੰਘ ਝੂੰਦਾਂ ਜੀ। ਸੋਮ ਪ੍ਰਕਾਸ਼ ਜੀ, ਤੁਹਾਨੂੰ ਇਨ੍ਹਾਂ ਤੋਂ ਬਾਅਦ ਵਿੱਚ ਟਾਈਮ ਦਿੱਤਾ ਜਾਵੇਗਾ।

**ਸਰਦਾਰ ਇਕਬਾਲ ਸਿੰਘ ਝੂੰਦਾਂ (ਅਮਰਗੜ੍ਹ) :** ਮਾਨਯੋਗ ਸਪੀਕਰ ਸਾਹਿਬ, ਜਿਹੜੇ ਯੂਨੀਵਰਸਿਟੀਆਂ ਦੇ ਓਬਜੈਕਟਸ ਹਨ, ਜਿਸ ਵਿੱਚ ਉਨ੍ਹਾਂ ਨੇ ਲਿਖਿਆ ਹੈ –

"to promote the academic aspirations of the rural students."

ਮੇਰੀ ਇਸ ਸਬੰਧ ਵਿੱਚ ਬੇਨਤੀ ਹੈ ਕਿ ਜੇਕਰ ਇਹ ਰੂਰਲ ਸਟੂਡੈਂਟਸ ਦੇ ਐਸਪੀਰੇਸ਼ਨਜ਼ ਨੂੰ ਪ੍ਰਮੋਟ ਕਰਨ ਲਈ ਅਜਿਹਾ ਕਰ ਰਹੇ ਹਨ ਤਾਂ ਕੀ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਰੂਰਲ ਸਟੂਡੈਂਟਸ ਅਤੇ ਇਕਨਾਮੀਕਲੀ ਪੂਅਰ ਸਟੂਡੈਂਟਸ ਵਾਸਤੇ ਸੀਟਾਂ ਦੀ ਰਿਜ਼ਰਵੇਸ਼ਨ ਰੱਖਣ ਸਬੰਧੀ ਕੋਈ ਪ੍ਰਾਵਧਾਨ ਹੈ? ਜਿਹੜੇ ਬੱਚੇ ਗਰੀਬ ਹਨ ਜਾਂ ਰੂਰਲ ਬੈਕਗਰਾਊਂਡ ਤੋਂ ਆਉਂਦੇ ਹਨ, ਕੀ ਉਨ੍ਹਾਂ ਲਈ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਕੋਈ ਰਿਜ਼ਰਵੇਸ਼ਨ ਰੱਖੀ ਜਾਂਦੀ ਹੈ? ਜੇਕਰ ਨਹੀਂ ਤਾਂ ਮੈਂ ਸਮਝਦਾ ਹਾਂ ਕਿ ਇਹ ਜ਼ਰੂਰ ਐਡ ਹੋਣਾ ਚਾਹੀਦਾ ਹੈ ਤਾਂ ਜੋ ਗਰੀਬ ਤੇ ਰੂਰਲ ਸਟੂਡੈਂਟਸ ਦਾ ਫਾਇਦਾ ਹੋਵੇ। ਜਿਹੜੀ ਯੂਨੀਵਰਸਿਟੀ ਰੂਰਲ ਖੇਤਰ ਵਿੱਚ ਖੁੱਲ ਰਹੀ ਹੈ ਤਾਂ ਉਸ ਵਿੱਚ ਰੂਰਲ ਅਤੇ ਗਰੀਬ ਲੋਕਾਂ ਨੂੰ ਪੜ੍ਹਨ ਦੀ ਸਹੂਲਤ ਜ਼ਰੂਰ ਮਿਲੇ। ਉਸ ਵਿੱਚ ਇਨ੍ਹਾਂ ਵਰਗਾਂ ਲਈ ਕੁਝ ਨਾ ਕੁਝ ਕੋਟਾ ਜ਼ਰੂਰ ਨਿਸ਼ਚਿਤ ਕਰਨਾ ਚਾਹੀਦਾ ਹੈ।

ਮੇਰਾ ਇੱਕ ਹੋਰ ਮਸ਼ਵਰਾ ਹੈ ਕਿ ਅਸੀਂ ਇਹ ਜਿਹੜੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹ ਰਹੇ ਹਾਂ, ਇਹ ਘੱਟੋ ਘੱਟ ਯੂਨੀਵਰਸਿਟੀਆਂ ਲੱਗਣ ਵੀ। ਸਾਡੇ ਗੋਬਿੰਦਗੜ੍ਹ ਵਿਖੇ ਇੱਕ ਯੂਨੀਵਰਸਿਟੀ ਖੁੱਲੀ ਹੋਈ ਹੈ, ਮੈਂ ਇੱਥੇ ਕੋਈ ਨਿੰਦਿਆ ਨਹੀਂ ਕਰਦਾ, ਆਪਾਂ ਵੇਖ ਸਕਦੇ ਹਾਂ, ਜਦੋਂ ਅਸੀਂ ਉਥੋਂ ਲੰਘਦੇ ਹਾਂ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿਸੇ ਵੱਡੀ ਹਾਊਸਿੰਗ ਸੁਸਾਇਟੀ ਨੇ ਆਪਣਾ ਕੋਈ ਕਾਰੋਬਾਰ ਕੀਤਾ ਹੁੰਦਾ ਹੈ। ਉਹ ਵੇਖਣ ਨੂੰ ਯੂਨੀਵਰਸਿਟੀ ਦਾ ਕੈਂਪਸ ਨਹੀਂ ਲਗਦਾ। ਇਸ ਗੱਲ ਵੱਲ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਜਿਹੜੀ ਯੂਨੀਵਰਸਿਟੀ ਹੈ, ਉਸ ਦਾ ਚੌਗਿਰਦਾ, ਵਾਤਾਵਰਣ ਅਤੇ ਕੈਂਪਸ ਜ਼ਰੂਰ ਉਸ ਅਨੁਕੂਲ ਹੋਣਾ ਚਾਹੀਦਾ ਹੈ ਤਾਂ ਜੋ ਘੱਟੋ ਘੱਟ ਉਹ ਯੂਨੀਵਰਸਿਟੀ ਲੱਗੇ। ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਪੂਅਰ ਸਟੂਡੈਂਟਸ ਅਤੇ ਰੂਰਲ ਸਟੂਡੈਂਟਸ ਦੀ ਰਿਜ਼ਰਵੇਸ਼ਨ ਨੂੰ ਜ਼ਰੂਰ ਧਿਆਨ ਵਿੱਚ ਰੱਖਿਆ ਜਾਵੇ। ਧੰਨਵਾਦ ਜੀ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਪਿਛਲੇ ਸੈਸ਼ਨ ਵਿੱਚ ਵੀ ਇੱਕ ਯੂਨੀਵਰਸਿਟੀ ਦਾ ਬਿਲ ਆਇਆ ਸੀ, ਮੇਰੇ ਆਪਣੇ ਹਲਕੇ ਵਿੱਚ ਯੂਨੀਵਰਸਿਟੀ ਬਣਨੀ ਸੀ। ਉਦੋਂ ਸਰਦਾਰ ਇਕਬਾਲ ਸਿੰਘ ਝੂੰਦਾਂ ਸਾਹਿਬ ਸਭਾਪਤੀ ਸਨ। ਇਨ੍ਹਾਂ ਨੇ ਮੈਨੂੰ ਉਦੋਂ ਉਸ ਬਿਲ ਤੇ ਬੋਲਣ ਦਾ ਮੌਕਾ ਨਹੀਂ ਦਿੱਤਾ। ਮੈਂ ਰੌਲਾ ਪਾਉਂਦਾ ਰਿਹਾ। ਸਾਡਾ ਐਮ.ਐਲ.ਏਜ਼. ਦਾ ਮੁੱਖ ਕੰਮ ਕਾਨੂੰਨ ਬਣਾਉਣਾ ਹੈ। ਅਸੀਂ ਦਸਾਂ-ਵੀਹਾਂ ਮਿੰਟਾਂ ਵਿੱਚ ਬਿਲ ਪਾਸ ਕਰ ਦਿੰਦੇ ਹਾਂ, ਕਹਿਣ ਦਾ ਭਾਵ ਅਸੀਂ ਆਪਣਾ ਜਲੂਸ ਇਸ ਤੋਂ ਵੱਧ ਆਪ ਨਹੀਂ ਕੱਢ ਸਕਦੇ। ਜੋ ਬੰਦਾ ਬੋਲਣਾ ਚਾਹੁੰਦਾ ਹੈ, ਉਸ ਨੂੰ ਬੋਲਣ ਨਹੀਂ ਦਿੰਦੇ। ਮੇਰੀ ਬੇਨਤੀ ਹੈ ਕਿ ਇਸ ਕੰਮ ਲਈ ਸਮਾਂ ਵੱਧ ਰੱਖਿਆ ਕਰੋ। ਤੁਸੀਂ ਸਾਰਾ ਕੁਝ ਡਿਸਾਈਡ ਕਰਦੇ ਹੋ। ਜੇ ਕੋਈ ਐਮ.ਐਲ.ਏ ਬੋਲਣਾ ਚਾਹੁੰਦਾ ਹੈ ਤਾਂ ਉਸ ਨੂੰ ਜ਼ਰੂਰ ਬੋਲਣ ਦਿਆ ਕਰੋ।

**ਮਾਨਯੋਗ ਸਪੀਕਰ :** ਮੇਰੀਆਂ ਵੀ ਕੋਈ ਲਿਮੀਟੇਸ਼ਨਜ਼ ਹੁੰਦੀਆਂ ਹਨ ਜਿਸ ਕਾਰਨ ਮੈਨੂੰ ਬੋਲਣਾ ਬੰਦ ਕਰਵਾਉਣਾ ਪੈਂਦਾ ਹੈ, ਸਮਾਂ ਕਈ ਵਾਰ ਘੱਟ ਹੁੰਦਾ ਹੈ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ :** ਸਰ, ਮੇਰੇ ਵਿਧਾਨ ਸਭਾ ਹਲਕੇ ਵਿੱਚ ਯੂਨੀਵਰਸਿਟੀ ਬਣ ਰਹੀ ਹੋਵੇ ਤੇ ਮੈਨੂੰ ਬੋਲਣ ਦਾ ਮੌਕਾ ਨਾ ਦਿੱਤਾ ਜਾਵੇ, ਇਸ ਤੋਂ ਵੱਧ ਅਨਿਆਂ ਕੀ ਹੋ ਸਕਦਾ ਹੈ? ਮੈਂ ਲਿਖਤੀ ਤੌਰ ਤੇ ਵੀ ਇਸ ਸਬੰਧੀ ਭੇਜਿਆ ਸੀ। ਤੁਹਾਨੂੰ ਡੀ.ਓ ਲੈਟਰ ਵੀ ਲਿਖਿਆ ਸੀ। ਉਹ ਬਿਲ ਜਿਸ ਵਿੱਚ 20 ਗਲਤੀਆਂ ਸਨ, ਮੈਂ ਇਹ ਵੀ ਤੁਹਾਨੂੰ ਕਿਹਾ ਸੀ। ਅੱਜ ਫਿਰ ਮੈਂ ਇਸੇ ਬਿਲ ਤੇ ਬੋਲਣ ਲੱਗਾ ਹਾਂ। ਅੱਜ ਪੰਜਾਬ ਵਿੱਚ 22 ਯੂਨੀਵਰਸਿਟੀਆਂ ਹਨ। ਇਹ ਤੁਸੀਂ 23ਵੀਂ ਯੂਨੀਵਰਸਿਟੀ ਦਾ ਬਿਲ ਲਿਆਂਦਾ ਹੈ, 24ਵੀਂ ਦਾ ਆਉਣ ਲੱਗਾ ਹੈ ਜਿਸ ਨਾਲ ਪੰਜਾਬ ਵਿੱਚ ਕੁੱਲ 24 ਯੂਨੀਵਰਸਿਟੀਆਂ ਬਣ ਜਾਣੀਆਂ ਹਨ। ਇੱਕ ਤਾਂ ਬਿਲ ਦੀ ਜਿਹੜੀ ਭਾਸ਼ਾ ਹੈ, ਇਹ ਬਿਲਕੁਲ ਕਾਪੀ ਕੀਤੀ ਹੁੰਦੀ ਹੈ, ਹਰ ਬਿਲ ਵਾਸਤੇ ਇੱਕੋ ਤਰ੍ਹਾਂ ਦੀ ਕਾਪੀ ਹੀ ਬਣ ਬਣ ਕੇ ਆਈ ਜਾਂਦੀ ਹੈ। ਇਸ ਵਿੱਚ ਮੈਂ ਤੁਹਾਡਾ ਧਿਆਨ ਸੈਕਸ਼ਨ-3 ਵੱਲ ਦਿਵਾਉਣਾ ਚਾਹੁੰਦਾ ਹਾਂ ਜੀ। ਸੈਕਸ਼ਨ-3 ਦੀ ਸਬ ਕਲਾਜ਼-5 ਵਿੱਚ ਲਿਖਿਆ ਹੈ :

[ ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ ]

"University shall be self financed and it shall not be entitled to receive any grant or other financial assistance from the State Government"

ਇਹ ਸਟੇਟ ਗੌਰਮਿੰਟ ਤੋਂ ਕੋਈ ਫਾਈਨੈਂਸ਼ੀਅਲ ਗਰਾਂਟ ਨਹੀਂ ਲੈ ਸਕਦੀ। ਇਸ ਦੇ ਨਾਲ ਹੀ ਸੈਕਸ਼ਨ 5 ਦੇ ਸਬ ਸੈਕਸ਼ਨ-15 ਵਿਚ ਲਿਖਿਆ ਹੈ -

"to receive grants from the University Grants Commission and other Central and State agencies"

ਇਕ ਪਾਸੇ ਕਹਿੰਦੇ ਹਨ ਕਿ ਗਰਾਂਟ ਲੈ ਨਹੀਂ ਸਕਦੇ ਅਤੇ ਦੂਜੇ ਪਾਸੇ ਕਹਿੰਦੇ ਹਨ ਕਿ ਗਰਾਂਟ ਲੈ ਸਕਦੇ ਹਨ। ਇਹ ਬਿਲ ਆਪਣੇ ਆਪ ਵਿਚ ਹੀ ਕੰਟ੍ਰਾਡਿਕਟਰੀ ਹੈ। ਹਰ ਵਾਰ ਇਹ ਬਿਲ ਇਸੇ ਤਰ੍ਹਾਂ ਆਉਂਦਾ ਹੈ ਅਤੇ ਬਿਨਾਂ ਚੈੱਕ ਕੀਤਿਆਂ ਪਾਸ ਹੁੰਦਾ ਹੈ। ਦੂਸਰੀ ਗੱਲ ਇਹ ਹੈ ਕਿ ਮੰਤਰੀ ਜੀ ਨੇ ਬਿਲ ਪੇਸ਼ ਕੀਤਾ ਹੈ ਅਤੇ ਬਿਲ ਪਾਸ ਹੋ ਜਾਣਾ ਹੈ ਪਰ ਉਸ ਤੋਂ ਬਾਅਦ ਮੰਤਰੀ ਜੀ ਨੂੰ ਵੀ ਕੋਈ ਅਧਿਕਾਰ ਨਹੀਂ ਰਹਿ ਜਾਵੇਗਾ ਅਤੇ ਤੁਹਾਡੇ ਸੈਕਟਰੀ, ਐਜੂਕੇਸ਼ਨ ਡਿਪਾਰਟਮੈਂਟ ਨੂੰ ਵੀ ਕੋਈ ਅਧਿਕਾਰ ਨਹੀਂ ਹੋਵੇਗਾ ਕਿ ਉਹ ਯੂਨੀਵਰਸਿਟੀ ਵਿੱਚ ਵੜ ਸਕਣ। ਤੁਸੀਂ ਬਿਨਾਂ ਆਗਿਆ ਤੋਂ ਉਥੇ ਐਂਟਰ ਨਹੀਂ ਕਰ ਸਕਦੇ। ਇਨ੍ਹਾਂ ਨੇ ਤਾਂ ਗਵਰਨਰ ਨੂੰ ਵੀ ਵਿਜ਼ਟਰ ਬਣਾ ਦਿੱਤਾ ਹੈ। ਜੇ ਗਵਰਨਰ ਸਾਹਿਬ ਵੀ ਬਤੌਰ ਵਿਜ਼ਟਰ ਉਥੇ ਕੋਈ ਇਨਕੁਆਰੀ ਕਰਨੀ ਚਾਹੁੰਣ ਤਾਂ ਉਹ ਨਹੀਂ ਜਾ ਸਕਦੇ ਅਤੇ ਨਾ ਕਿਸੇ ਨੂੰ ਭੇਜ ਸਕਦੇ ਹਨ। ਉਹ ਪਹਿਲਾਂ ਚਾਂਸਲਰ ਨੂੰ ਲਿਖਣਗੇ ਕਿ ਮੈਂ ਇਹ ਇਨਕੁਆਰੀ ਕਰਨੀ ਚਾਹੁੰਦਾ ਹਾਂ, ਫਿਰ ਚਾਂਸਲਰ ਪਰਮਿਸ਼ਨ ਦੇਵੇਗਾ ਅਤੇ ਉਸ ਦੀ ਹਾਜ਼ਰੀ ਵਿਚ ਹੀ ਕੋਈ ਕੁਝ ਕਰ ਸਕਦਾ ਹੈ।

ਸੋ, ਮੇਰਾ ਖਿਆਲ ਹੈ ਕਿ ਅਸੀਂ ਇਥੇ ਆਪਣੇ ਆਪ ਨੂੰ ਇੰਨਾ ਸੀਮਤ ਕਰ ਦਿੱਤਾ ਹੈ। ਅਸਲੀ ਗੱਲ ਤਾਂ ਇਹ ਹੈ ਕਿ ਇਹ ਬਿਲ ਕਿਸੇ ਨੇ ਪੜ੍ਹਿਆ ਹੀ ਨਹੀਂ ਹੈ। ਜਿਵੇਂ ਬਿਲ ਕਿਸੇ ਨੇ ਬਣਾ ਕੇ ਦੇ ਦਿੱਤਾ, ਉਸੇ ਦੀ ਕਾਪੀ ਹਰ ਸਾਲ ਚੱਲੀ ਜਾਂਦੀ ਹੈ। ਜੇਕਰ ਮੰਤਰੀ ਜੀ ਨੂੰ ਇਹ ਗੱਲ ਪਤਾ ਹੁੰਦੀ ਤਾਂ ਉਹ ਇਹ ਬਿਲ ਕਦੇ ਨਾ ਲੈ ਕੇ ਆਉਂਦੇ। ਮੈਂ ਪਿਛਲੀ ਵਾਰ ਵੀ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਸੀ ਅਤੇ ਉਨ੍ਹਾਂ ਨੇ ਸੈਕਟਰੀ, ਐਜੂਕੇਸ਼ਨ ਡਿਪਾਰਟਮੈਂਟ

ਨੂੰ ਇਸ ਸਬੰਧੀ ਤਾੜਨਾ ਵੀ ਕੀਤੀ ਸੀ। ਇਸ ਬਿਲ ਮੁਤਾਬਿਕ ਚਾਂਸਲਰ ਨੂੰ ਆਰਡੀਨੈਂਸ ਇਸ਼ੂ ਕਰਨ ਦੀ ਪਾਵਰ ਵੀ ਹੈ। ਝੂੰਦਾਂ ਸਾਹਿਬ ਕਹਿੰਦੇ ਹਨ ਕਿ ਯੂਨੀਵਰਸਿਟੀ ਵਿਚ ਗਰੀਬ ਬੱਚਿਆਂ ਨੂੰ ਪੜ੍ਹਨ ਦੀ ਆਗਿਆ ਹੋਵੇ ਅਤੇ ਉਨ੍ਹਾਂ ਨੂੰ ਵਜ਼ੀਫੇ ਦਿੱਤੇ ਜਾਣ ਪਰ ਮੈਂ ਕਹਿੰਦਾ ਹਾਂ ਕਿ ਇਸ ਬਿਲ ਮੁਤਾਬਿਕ ਸਰਕਾਰ ਕੋਲ ਤਾਂ ਕੋਈ ਪਾਵਰ ਹੀ ਨਹੀਂ ਰਹਿ ਜਾਵੇਗੀ। ਸੋ, ਮੇਰੀ ਬੇਨਤੀ ਹੈ ਕਿ ਕੀ ਅਸੀਂ ਜਾਣ-ਬੁੱਝ ਕੇ ਇਹ ਬਿਲ ਲਿਆਂਦਾ ਹੈ ਜਾਂ ਸੋਚ ਵਿਚਾਰ ਕੇ ਲਿਆਂਦਾ ਹੈ? ਇਸ ਤੇ ਵਿਚਾਰ ਕਰੋ। ਮੇਰੇ ਮੁਤਾਬਿਕ ਇਸ ਬਿਲ ਵਿਚ ਬਹੁਤ ਗਲਤੀਆਂ ਹਨ ਮੈਂ ਪਿਛਲੀ ਵਾਰ ਵੀ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਸੀ ਪਰ ਪਿਛਲੀ ਵਾਰ ਮੈਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ ਸੀ। ਸੋ, ਮੇਰੇ ਮੁਤਾਬਿਕ ਇਸ ਬਿਲ ਵਿਚ ਬਹੁਤ ਗਲਤੀਆਂ ਹਨ। ਧੰਨਵਾਦ ਜੀ।

**ਜਸਟਿਸ ਨਿਰਮਲ ਸਿੰਘ (ਬਸੀ ਪਠਾਣਾ, ਐਸ.ਸੀ.) :** ਸਪੀਕਰ ਸਾਹਿਬ, ਪਹਿਲਾਂ ਵੀ ਇਸ ਸਦਨ ਵਿਚ ਪ੍ਰਾਈਵੇਟ ਯੂਨੀਵਰਸਿਟੀਆਂ ਸਬੰਧੀ ਬਿਲ ਪਾਸ ਹੋ ਚੁੱਕੇ ਹਨ, ਜਿਹੜੀ ਮੈਂਬਰ ਸਾਹਿਬ ਸੋਮ ਪ੍ਰਕਾਸ਼ ਜੀ ਨੇ ਕੰਟ੍ਰਾਡਿਕਸ਼ਨ ਦੱਸੀ ਹੈ, ਉਹ ਉਸ ਸਮੇਂ ਵੀ ਦੱਸੀ ਗਈ ਸੀ। ਸੈਕਸ਼ਨ-3 ਦੀ ਸਬ ਕਲਾਜ਼-5 ਆਲਰੇਡੀ ਪੁਆਇੰਟ ਆਊਟ ਹੋ ਚੁੱਕੀ ਹੈ। ਇਸ ਮੁਤਾਬਿਕ ਜਦੋਂ ਇਹ ਯੂਨੀਵਰਸਿਟੀ ਸਟੇਟ ਜਾਂ ਸੈਂਟਰ ਸਰਕਾਰ ਜਾਂ ਯੂਨੀਵਰਸਿਟੀ ਗਰਾਂਟ ਕਮਿਸ਼ਨ ਕੋਲੋਂ ਗਰਾਂਟ ਲਵੇਗੀ and that body is under the definition of a State ਪਰੰਤੂ ਸਰਕਾਰ ਕੋਲ ਕੋਈ ਪ੍ਰੋਵੀਜ਼ਨ ਨਹੀਂ ਰੱਖਿਆ ਗਿਆ। ਸਰਕਾਰ ਕੋਲ ਨਾ ਤਾਂ ਵਾਈਸ ਚਾਂਸਲਰ ਨੂੰ ਅਤੇ ਨਾ ਹੀ ਚਾਂਸਲਰ ਨੂੰ ਐਪੁਆਇੰਟ ਕਰਨ ਦੀ ਕੋਈ ਪਾਵਰ ਹੈ। ਕੰਪੋਜੀਸ਼ਨ ਆਫ ਯੂਨੀਵਰਸਿਟੀ ਵਿਚ ਵੀ ਇਹ ਪ੍ਰੈਸਕ੍ਰਾਈਬ ਨਹੀਂ ਕੀਤਾ ਗਿਆ ਕਿ ਯੂਨੀਵਰਸਿਟੀ ਕਿੰਨੇ ਏਰੀਏ ਵਿਚ ਹੋਵੇਗੀ ਅਤੇ ਇਸ ਦਾ ਕੀ ਸਟ੍ਰੱਕਚਰ ਹੋਵੇਗਾ। ਜਿਥੋਂ ਤੱਕ ਫੀਸ ਕੁਲੈਕਟ ਕਰਨ ਦਾ ਸਬੰਧ ਹੈ ਉਸ ਬਾਰੇ ਵੀ ਉਨ੍ਹਾਂ ਨੂੰ ਖੁੱਲੀ ਛੁੱਟੀ ਹੈ। ਸਰਕਾਰ ਨਹੀਂ ਪੁੱਛ ਸਕਦੀ ਕਿ ਤੁਸੀਂ ਫੀਸ ਕਿੰਨੀ ਲੈਣੀ ਹੈ। ਇਹ ਕਲਾਜ਼ ਇਨ੍ਹਾਂ ਨੇ ਸੈਕਸ਼ਨ 5 ਵਿੱਚ ਪਾ ਦਿੱਤੀ :

> "to demand and collect fee and other charges, as may be prescribed."

[ ਜਸਟਿਸ ਨਿਰਮਲ ਸਿੰਘ ]

Who will prescribe it? Whether the Government will prescribe it? The Government has no control over the University. Once the Bill is passed, they would become..... what I can say?... ਉਨ੍ਹਾਂ ਨੂੰ ਤਾਂ ਖੁਲੱਮ-ਖੁੱਲੀ ਛੁੱਟੀ ਹੈ, ਲੁੱਟ ਹੈ, ਜੋ ਮਰਜ਼ੀ ਕਰਨ, ਅਟਾਨਮੀ ਹੋ ਗਈ। ਗਵਰਨਰ ਸਾਹਿਬ ਦਾ ਕੋਈ ਕੰਟ੍ਰੋਲ ਨਹੀਂ, ਸਰਕਾਰ ਦਾ ਕੋਈ ਕੰਟ੍ਰੋਲ ਨਹੀਂ, ਚੀਫ਼ ਮਨਿਸਟਰ ਦਾ ਕੋਈ ਕੰਟ੍ਰੋਲ ਨਹੀਂ। ਮੈਂ ਪਿਛਲੀ ਵਾਰ ਵੀ ਇਹ ਪੁਆਇੰਟ ਰੇਜ਼ ਕੀਤਾ ਸੀ, ਉਦੋਂ ਸਰਦਾਰ ਸਿਕੰਦਰ ਸਿੰਘ ਮਲੂਕਾ ਜੀ ਐਜੂਕੇਸ਼ਨ ਮਨਿਸਟਰ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜੇ ਇਹ ਗੱਲ ਹੈ ਤਾਂ ਉਨ੍ਹਾਂ ਯੂਨੀਵਰਸਿਟੀਆਂ ਨਾਲ ਕੰਨਸਲਟ ਕਰਕੇ ਰਿਜ਼ਰਵੇਸ਼ਨ ਐਕਟ ਸਬੰਧੀ ਪ੍ਰੋਵੀਜ਼ਨ ਅੱਗੇ ਤੋਂ ਪਾ ਦਿਆਂਗੇ ਪਰੰਤੂ ਇਸ ਐਕਟ ਵਿੱਚ ਫੇਰ ਨਹੀਂ ਆਇਆ ਕਿ ਰਿਜ਼ਰਵੇਸ਼ਨ ਦੀ ਪ੍ਰੋਵੀਜ਼ਨ ਹੈ ਕਿ ਨਹੀਂ ਹੈ। ਇਹ ਕਲਾਜ਼ ਤਾਂ ਪਾ ਦਿੱਤੀ ਹੈ ਕਿ ਰੂਰਲ ਏਰੀਏ ਵਿੱਚ ਬਣੀ ਯੂਨੀਵਰਸਿਟੀ ਵਿੱਚ ਰੂਰਲ ਏਰੀਏ ਦੇ ਸਟੂਡੈਂਟ ਵਾਸਤੇ ਕੇਅਰ ਕੀਤੀ ਜਾਵੇਗੀ ਪਰੰਤੂ down trodden ਦਾ ਜ਼ਿਕਰ ਨਹੀਂ ਹੈ। ਜੇ ਉਨ੍ਹਾਂ ਨੇ ਸਟੇਟ ਗੌਰਮਿੰਟ ਕੋਲੋਂ ਗਰਾਂਟ ਲੈਣੀ ਹੈ ਤਾਂ why in the staff, there is no reservation? There should be reservation in the staff also. There should be reservation in the admission also as per the Rules of the State Government. Once even Rs.1.0 lac grant is given, then it comes under the definition of the State. If it is a State, then they are bound to give representation to the weaker sections, to the rural areas or whatever the Government prescribes. They have to follow the Rules.

**ਮੁੱਖ ਸੰਸਦੀ ਸਕੱਤਰ, ਉਦਯੋਗ ਅਤੇ ਵਣਜ (ਸ਼੍ਰੀ ਐਨ.ਕੇ. ਸ਼ਰਮਾ) :** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪਿਛਲੇ 7-8 ਸਾਲਾਂ ਵਿੱਚ ਪੰਜਾਬ ਵਿੱਚ ਐਜੂਕੇਸ਼ਨ ਵਾਸਤੇ ਬਹੁਤ ਕੰਮ ਹੋਇਆ ਹੈ। ਇੱਥੇ 22 ਯੂਨੀਵਰਸਿਟੀਆਂ ਸਥਾਪਤ ਹੋਈਆਂ। ਆਈਸਰ ਆਇਆ, ਨਾਈਪਰ ਆਇਆ, ਇੰਡੀਅਨ ਸਕੂਲ ਆਫ ਬਿਜ਼ਨਸ ਆਇਆ, ਡਿਪਟੀ ਸੀ.ਐਮ. ਸਾਹਿਬ ਮਹਿੰਦਰਾ

ਯੂਨੀਵਰਸਿਟੀ ਵੀ ਗਏ, ਹਿੰਦੂਜਾ ਨੂੰ ਵੀ ਰਿਕੁਐਸਟ ਕੀਤੀ ਕਿ ਇਥੇ ਯੂਨੀਵਰਸਿਟੀ ਸਥਾਪਤ ਕਰਨ ਤਾਂ ਕਿ ਬੱਚਿਆਂ ਨੂੰ ਚੰਗੀ ਅਤੇ ਕੁਆਲਿਟੀ ਵਾਲੀ ਐਜੂਕੇਸ਼ਨ ਮਿਲੇ। ਜਿਹੜੀਆਂ ਨਵੀਆਂ ਯੂਨੀਵਰਸਿਟੀਆਂ ਬਣ ਰਹੀਆਂ ਹਨ ਉਨ੍ਹਾਂ ਬਾਰੇ ਮੇਰੇ ਤੋਂ ਪਹਿਲਾਂ ਬੋਲਦੇ ਹੋਏ ਸਾਡੇ ਮੈਂਬਰ ਸਾਹਿਬਾਨ ਨੇ ਖਦਸ਼ਾ ਜ਼ਾਹਿਰ ਕੀਤਾ ਹੈ। ਇੱਕ ਪ੍ਰਾਬਲਮ ਜਿਹੜੀ ਕਿ ਮੈਂ ਵੀ ਮਹਿਸੂਸ ਕਰਦਾ ਹਾਂ ਉਹ ਇਹ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਆਪਾਂ ਸੀਟਾਂ ਫਿਕਸ ਨਹੀਂ ਕਰਦੇ। ਸਾਡੇ ਪੰਜਾਬ ਵਿੱਚ ਬਹੁਤ ਸਾਰੇ ਅਜਿਹੇ ਕੁਆਲਿਟੀ ਐਜੂਕੇਸ਼ਨ ਦੇਣ ਵਾਲੇ ਕਾਲਜ ਹਨ ਜਿਨ੍ਹਾਂ ਵਿੱਚ according to infrastructure ਸੀਟਾਂ ਦੀ permission Central Government ਤੋਂ ਲੈਣੀ ਪੈਂਦੀ ਹੈ ਕਿ ਇੱਕ ਕਲਾਸ ਵਿੱਚ 25-30-35, ਇੰਨੇ ਬੱਚੇ ਬੈਠ ਸਕਦੇ ਹਨ ਪਰ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਇਸ ਤਰ੍ਹਾਂ ਦੀ ਕੋਈ ਸੀਟਾਂ ਦੀ ਫਿਕਸਿੰਗ ਜਾਂ ਇਨਫ੍ਰਾਸਟ੍ਰਕਚਰ ਸਬੰਧੀ ਬੰਦਿਸ਼ ਹੋਣੀ ਚਾਹੀਦੀ ਹੈ। ਆਪਾਂ ਸਿਰਫ਼ ਇਹ ਦੇਖਦੇ ਹਾਂ ਕਿ 30 ਏਕੜ ਲੈਂਡ ਹੋਣੀ ਚਾਹੀਦੀ ਹੈ। ਸੀਟਾਂ ਫਿਕਸ ਨਹੀਂ ਹੁੰਦੀਆਂ। ਸਪੀਕਰ ਸਾਹਿਬ, ਕੰਪੀਟੀਸ਼ਨ ਦਾ ਜ਼ਮਾਨਾ ਹੈ, ਯੂਨੀਵਰਸਿਟੀਆਂ ਨੂੰ ਬੱਚੇ ਨਹੀਂ ਮਿਲਦੇ, ਕਾਲਜਾਂ ਨੂੰ ਘੱਟ ਮਿਲਦੇ ਹਨ। ਫਿਰ ਕਈ ਵਾਰ ਕੰਪੀਟੀਸ਼ਨ ਕਰਕੇ ਫੀਸਾਂ ਘੱਟ ਵੱਧ ਹੋ ਜਾਂਦੀਆਂ ਹਨ। ਬੱਚੇ ਉਧਰ ਸ਼ਿਫਟ ਹੋ ਜਾਂਦੇ ਹਨ। ਅੱਜ ਕੱਲ੍ਹ ਬਹੁਤ ਸਾਰੇ ਕੁਆਲਿਟੀ ਐਜੂਕੇਸ਼ਨ ਦੇਣ ਵਾਲੇ ਕਾਲਜ ਸਫਰਰ ਵਾਲੀ ਆਪਣੀ ਲੜਾਈ ਲੜ ਰਹੇ ਹਨ। ਯੂਨੀਵਰਸਿਟੀ ਵਿੱਚ ਸੀਟਾਂ ਦੀ ਕੋਈ ਲਿਮੀਟੇਸ਼ਨ ਨਹੀਂ ਹੈ। ਇਸ ਕਰਕੇ ਫੀਸਾਂ ਵੀ ਕਈ ਵਾਰ ਘੱਟ ਹੋ ਜਾਂਦੀਆਂ ਹਨ। ਕਈ ਯੂਨੀਵਰਸਿਟੀਆਂ ਵਿੱਚ ਕੁਆਲਿਟੀ ਐਜੂਕੇਸ਼ਨ ਨਹੀਂ ਹੁੰਦੀ। ਫਿਰ ਬੱਚੇ ਵੀ ਵਿਹਲੇ ਘੁੰਮਦੇ ਹਨ ਉਨ੍ਹਾਂ ਨੂੰ ਪਰਾਪਰ ਐਜੂਕੇਸ਼ਨ ਨਹੀਂ ਮਿਲਦੀ।

ਇਸ ਲਈ ਬੇਨਤੀ ਹੈ ਕਿ ਜਿਹੜੀਆਂ ਯੂਨੀਵਰਸਿਟੀਆਂ ਆਪਾਂ ਬਣਾ ਰਹੇ ਹਾਂ ਉਨ੍ਹਾਂ ਵਿੱਚ ਇਨਫ੍ਰਾਸਟ੍ਰਕਚਰ ਦੇ ਹਿਸਾਬ ਨਾਲ ਸੀਟਾਂ ਦੀ ਫਿਕਸੇਸ਼ਨ ਹੋਵੇ, ਬਕਾਇਦਾ ਰੂਮਜ਼ ਦੀ ਫਿਕਸੇਸ਼ਨ ਹੋਵੇ ਅਤੇ ਇੱਕ ਕਮਰੇ ਵਿੱਚ ਕਿੰਨੇ ਬੱਚੇ ਬੈਠ ਸਕਦੇ ਹਨ ਉਸ ਦੇ ਹਿਸਾਬ ਨਾਲ ਆਪਾਂ ਸੀਟਾਂ ਜ਼ਰੂਰ ਫਿਕਸ ਕਰੀਏ ਤਾਂ ਕਿ ਬੱਚਿਆਂ ਨੂੰ ਕੁਆਲਿਟੀ ਐਜੂਕੇਸ਼ਨ ਮਿਲ ਸਕੇ। ਜਿਹੜੇ ਕਾਲਜ ਉਨ੍ਹਾਂ ਯੂਨੀਵਰਸਿਟੀਆਂ ਨਾਲ ਕੰਪੀਟ ਕਰ ਰਹੇ ਹਨ ਉਨ੍ਹਾਂ ਦੀ ਵੀ ਸਟੇਬਿਲਿਟੀ ਬਣੀ ਰਹੇ। ਬਹੁਤ ਬਹੁਤ ਧੰਨਵਾਦ।

**ਮੁੱਖ ਸੰਸਦੀ ਸਕੱਤਰ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ., ਬੀ.ਸੀ. ਦੀ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ) :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਅੱਜ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦਾ ਬਿਲ ਵਿਧਾਨ ਸਭਾ ਵਿੱਚ ਆਇਆ ਹੈ। ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਵੀ ਬਹੁਤ ਸਾਰੀਆਂ ਯੂਨੀਵਰਸਿਟੀਆਂ ਪਾਸ ਕਰਕੇ ਆਪਾਂ ਪੰਜਾਬ ਸਰਕਾਰ ਨੂੰ ਭੇਜੀਆਂ ਹਨ। ਇਹ ਠੀਕ ਹੈ ਕਿ ਪੰਜਾਬ ਵਿੱਚ 22 ਯੂਨੀਵਰਸਿਟੀਆਂ ਪਹਿਲਾਂ ਤੋਂ ਹਨ। ਪੰਜਾਬ ਤਰੱਕੀ ਦੀ ਰਾਹ ਤੇ ਹੈ। ਲੋਕ ਪੜ੍ਹਾਈ ਦਾ, ਐਜੂਕੇਸ਼ਨ ਦਾ ਮੁੱਲ ਸਮਝ ਗਏ ਹਨ, ਪੜ੍ਹਾਈ ਦੀ ਵੈਲਿਊ ਸਮਝ ਗਏ ਹਨ। ਪੇਰੈਂਟਸ ਚਾਹੁੰਦੇ ਹਨ ਕਿ ਮੇਰਾ ਬੱਚਾ ਪੜ੍ਹੇ। ਹੁਣ ਗੱਲ ਅੱਗੇ ਚਲੀ ਗਈ ਹੈ ਕਿ ਕੁਆਲਿਟੀ ਐਜੂਕੇਸ਼ਨ ਮਿਲੇ। ਇਸ ਵਾਸਤੇ ਚੰਗੇ ਕਾਲਜ ਅਤੇ ਯੂਨੀਵਰਸਿਟੀਆਂ ਦਾ ਹੋਣਾ ਬੜਾ ਜ਼ਰੂਰੀ ਹੈ।

ਸਪੀਕਰ ਸਾਹਿਬ, ਇਹ ਪਹਿਲੀ ਯੂਨੀਵਰਸਿਟੀ ਹੈ ਜਿਸ ਨੂੰ ਅਸੀਂ ਰੂਰਲ ਯੂਨੀਵਰਸਿਟੀ ਕਹਿ ਸਕਦੇ ਹਾਂ ਕਿਉਂਕਿ ਇਹ ਜਲੰਧਰ, ਲੁਧਿਆਣਾ ਵਰਗੇ ਕਿਸੇ ਵੱਡੇ ਸ਼ਹਿਰ ਵਿੱਚ ਨਹੀਂ ਹੈ। ਇਹ ਇੱਕ ਪਿੰਡ ਵਿੱਚ ਅਸਟੈਬਲਿਸ਼ ਕੀਤੀ ਗਈ ਹੈ। ਇਹ ਪਿੰਡ ਖਿਆਲਾ, ਜ਼ਿਲ੍ਹਾ ਜਲੰਧਰ ਵਿੱਚ ਹੁਸ਼ਿਆਰਪੁਰ ਅਤੇ ਕਪੂਰਥਲਾ ਦੀ ਬਾਊਂਡਰੀ ਤੇ ਸਥਿਤ ਹੈ। ਮਾਨਯੋਗ ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸਾਹਿਬਾਨ ਨੇ ਜਿਹੜੀਆਂ ਗੱਲਾਂ ਕਹੀਆਂ ਹਨ, ਖਦਸ਼ੇ ਜ਼ਾਹਿਰ ਕੀਤੇ ਹਨ ਜਿਵੇਂ ਕਿ ਨੌਕਰੀਆਂ ਵਿੱਚ ਕੋਈ ਰਿਜ਼ਰਵੇਸ਼ਨ ਹੋਵੇਗੀ ਕਿ ਨਹੀਂ? ਅਗਲੀ ਗੱਲ, ਅਸੀਂ ਸਿਰਫ਼ ਡਿਗਰੀਆਂ ਪ੍ਰੋਡਿਊਸ ਕਰ ਰਹੇ ਹਾਂ, ਇੰਪਲਾਇਮੈਂਟ ਜਨਰੇਸ਼ਨ ਵਾਸਤੇ ਕੋਈ ਪ੍ਰੋਗਰਾਮ ਦਿਖਾਈ ਨਹੀਂ ਦੇ ਰਿਹਾ।

ਮਾਨਯੋਗ ਸਪੀਕਰ ਸਾਹਿਬ, ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਵੀ ਇਨਫ੍ਰਾਸਟ੍ਰਕਚਰ, ਸਟਰੱਕਚਰ ਦਾ ਮੁੱਦਾ ਉਠਾਇਆ ਸੀ। ਜਦੋਂ ਯੂਨੀਵਰਸਿਟੀ ਦਾ ਬਿਲ ਆਉਂਦਾ ਹੈ ਤਾਂ ਉਸ ਇੰਸਟੀਚਿਊਟ ਵਿੱਚ ਸਰਕਾਰ ਦੀਆਂ ਕਮੇਟੀਆਂ ਇੰਸਪੈਕਸ਼ਨ ਵਾਸਤੇ ਜਾਂਦੀਆਂ ਹਨ, ਜਦੋਂ ਕੋਈ ਇੰਸਟੀਚਿਊਟ ਸਾਰੀਆਂ ਟਰਮਾਂ ਫੁਲਫਿਲ ਕਰਦਾ ਹੈ ਤਾਂ ਹੀ ਉਸ ਇੰਸਟੀਚਿਊਟ ਨੂੰ ਯੂਨੀਵਰਸਿਟੀ ਬਣਾਉਣ ਦਾ ਬਿਲ ਇੱਥੇ ਪਹੁੰਚਦਾ ਹੈ। ਸਪੀਕਰ ਸਾਹਿਬ, ਇਹ ਯੂਨੀਵਰਸਿਟੀ ਪਿੰਡ ਖਿਆਲਾ ਵਿੱਚ ਬਣਨ ਜਾ ਰਹੀ ਹੈ ਜਿਹੜਾ ਕਿ ਧਾਰਮਿਕਤਾ ਦਾ ਇੱਕ ਕੇਂਦਰ ਵੀ ਹੈ। ਸਿਰਫ਼ ਸਾਇੰਸ ਜਾਂ ਮੈਡੀਕਲ ਦੀ ਵਿੱਦਿਆ ਦੀ ਗੱਲ ਨਹੀਂ, ਇਹ ਉਸ ਇਲਾਕੇ

ਦਾ ਬਹੁਤ ਵੱਡਾ ਧਾਰਮਿਕਤਾ ਦਾ ਕੇਂਦਰ ਹੈ ਜਿੱਥੇ ਸੰਤ ਬਾਬਾ ਮਲਕੀਅਤ ਸਿੰਘ ਜੀ ਧਾਰਮਿਕ ਤੌਰ ਤੇ ਅਤੇ ਅਧਿਆਤਮਿਕ ਤੌਰ ਤੇ ਸੇਵਾਵਾਂ ਨਿਭਾਅ ਰਹੇ ਹਨ। ਇਸ ਯੂਨੀਵਰਸਿਟੀ ਤੋਂ ਪਹਿਲਾਂ ਉਨ੍ਹਾਂ ਨੇ ਕਾਲਜ ਖੋਲ੍ਹਿਆ ਹੈ ਅਤੇ ਕਾਲਜ ਤੋਂ ਪਹਿਲਾਂ ਉਨ੍ਹਾਂ ਨੇ ਸਕੂਲ ਬਣਾਏ ਹਨ। ਉਨ੍ਹਾਂ ਦਾ ਟਰੈਕ ਰਿਕਾਰਡ ਦੱਸਦਾ ਹੈ ਕਿ ਐਜੂਕੇਸ਼ਨ ਦੇ ਖੇਤਰ ਵਿੱਚ ਉਨ੍ਹਾਂ ਨੇ ਬਹੁਤ ਤਜਰਬਾ ਹਾਸਲ ਕੀਤਾ ਹੈ। ਖਾਸ ਕਰਕੇ ਗਰੀਬ, ਪਿੱਛੇ ਰਹਿ ਗਏ ਲੋਕਾਂ ਲਈ ਉਨ੍ਹਾਂ ਨੇ ਬਹੁਤ ਚੰਗੇ ਪ੍ਰਬੰਧ ਕਰਕੇ ਦਿੱਤੇ ਹਨ। ਜਿਸ ਜਗ੍ਹਾ ਤੇ ਯੂਨੀਵਰਸਿਟੀ ਬਣ ਰਹੀ ਹੈ, ਕਿਸੇ ਵੇਲੇ ਇਹ ਜੰਗਲ ਹੋਇਆ ਕਰਦਾ ਸੀ। 25, 30 ਜਾਂ 50 ਸਾਲ ਪਹਿਲਾਂ ਉਥੋਂ ਚੋਅ ਲੰਘਦਾ ਸੀ। ਸੰਤਾਂ ਨੇ ਹੀ ਉਸ ਏਰੀਏ ਨੂੰ ਆਬਾਦ ਕੀਤਾ ਅਤੇ ਉਥੇ ਪੁਲ ਵੀ ਬਣਾ ਦਿੱਤੇ ਹਨ। ਹੁਣ ਉਨ੍ਹਾਂ ਨੇ ਯੂਨੀਵਰਸਿਟੀ ਬਣਾਈ ਹੈ। ਮੈਂ ਇਹ ਸਮਝਦਾ ਹਾਂ ਕਿ ਜੇ ਅਧਿਆਤਮਿਕਤਾ ਦੇ ਨਾਲ ਐਜੂਕੇਸ਼ਨ ਜੋੜ ਦੇਈਏ ਤਾਂ ਸਾਨੂੰ ਸਾਇੰਸ ਤੋਂ ਕੋਈ ਖਤਰਾ ਨਹੀਂ ਰਹਿੰਦਾ। ਉਨ੍ਹਾਂ ਦੇ ਕਾਲਜ ਵਿੱਚੋਂ ਪੜ੍ਹੇ ਬਹੁਤ ਬੱਚਿਆਂ ਨੇ ਦੇਸ਼ ਪੱਧਰ ਤੇ ਨਾਮਣਾ ਖੱਟਿਆ ਹੈ ਅਤੇ ਚੰਗੀਆਂ ਨੌਕਰੀਆਂ ਵੀ ਹਾਸਲ ਕੀਤੀਆਂ ਹਨ। ਮੈਂ ਤੁਹਾਡੇ ਜ਼ਰੀਏ ਮਾਨਯੋਗ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਹ ਯੂਨੀਵਰਸਿਟੀ ਬਣਾਉਣ ਦਾ ਬਿਲ ਲਿਆਂਦਾ ਹੈ। ਮੈਂ ਇਹ ਵੀ ਉਮੀਦ ਕਰਦਾ ਹਾਂ ਕਿ ਇਹ ਯੂਨੀਵਰਸਿਟੀ ਦੂਜੀਆਂ ਯੂਨੀਵਰਸਿਟੀਆਂ ਦੇ ਮੁਕਾਬਲੇ ਚੰਗੇ ਰਿਜ਼ਲਟ ਪੇਸ਼ ਕਰੇਗੀ। ਮੈਂ ਉਸ ਹਲਕੇ ਤੋਂ ਆਇਆ ਹਾਂ, ਮੈਨੂੰ ਯਕੀਨ ਹੈ ਕਿ ਉਸ ਯੂਨੀਵਰਸਿਟੀ ਵਿੱਚ ਲੁੱਟ-ਖਸੁੱਟ ਵਾਲਾ ਕੰਮ ਨਹੀਂ ਹੈ ਕਿਉਂਕਿ ਉਨ੍ਹਾਂ ਦਾ ਮੋਟਿਵ ਪੈਸੇ ਕਮਾਉਣਾ ਨਹੀਂ ਹੈ। ਬਹੁਤ ਸਾਰੇ ਬਿਜ਼ਨਸ ਸਾਈਡ ਵਾਲੇ ਲੋਕ ਐਜੂਕੇਸ਼ਨ ਦੇ ਫੀਲਡ ਵਿੱਚ ਆਏ ਹਨ ਅਤੇ ਉਨ੍ਹਾਂ ਨੇ ਵਿੱਦਿਆ ਨੂੰ ਵੀ ਧੰਦਾ ਬਣਾ ਲਿਆ ਹੈ। ਅਜਿਹੇ ਲੋਕ ਪ੍ਰੋਫਿਟ ਮੇਕਿੰਗ ਦੇ ਮੋਟਿਵ ਨਾਲ ਇਸ ਖੇਤਰ ਵਿੱਚ ਆ ਰਹੇ ਹਨ ਲੇਕਿਨ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਪ੍ਰੋਫਿਟ ਮੇਕਿੰਗ ਲਈ ਨਹੀਂ ਬਲਕਿ ਸਰਵਿਸ ਅਤੇ ਸੇਵਾ ਭਾਵਨਾ ਲਈ ਬਣ ਰਹੀ ਹੈ। ਇਹ ਚੰਗੇ ਰਿਜ਼ਲਟ ਪੇਸ਼ ਕਰਨਗੇ। ਜਿਹੜੇ ਆਨਰੇਬਲ ਮੈਂਬਰਜ਼ ਨੇ ਸਰਕਾਰ ਦੀਆਂ ਤਾਕਤਾਂ ਦੀ ਗੱਲ ਕੀਤੀ ਹੈ ਕਿ ਜਿਹੜੀਆਂ ਯੂਨੀਵਰਸਿਟੀਆਂ ਦੇ ਬਿਲ ਅਸੀਂ ਪਾਸ ਕੀਤੇ ਹਨ, ਉਨ੍ਹਾਂ ਲਈ ਇੱਕ ਰੈਗੂਲੇਟਰੀ ਬਾਡੀ ਹੋਣੀ ਚਾਹੀਦੀ ਹੈ ਤਾਂ ਕਿ ਗੌਰਮਿੰਟ ਵੀ ਇਸ ਨੂੰ ਚੈੱਕ ਕਰ ਸਕੇ। ਇਸ ਗੱਲ ਵੱਲ ਵੀ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਮੈਂ ਤੁਹਾਡੇ ਜ਼ਰੀਏ ਮਾਨਯੋਗ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ, ਉਨ੍ਹਾਂ ਦਾ ਧੰਨਵਾਦ

ਕਰਦਾ ਹਾਂ ਜਿਨ੍ਹਾਂ ਨੇ ਉਸ ਯੂਨੀਵਰਸਿਟੀ ਦਾ ਬਿਲ ਲਿਆਂਦਾ ਜਿਹੜਾ ਧਾਰਮਿਕਤਾ ਦਾ ਕੇਂਦਰ ਹੈ, ਮਾਨਵਤਾ ਦਾ ਕੇਂਦਰ ਹੈ। ਬਹੁਤ-ਬਹੁਤ ਧੰਨਵਾਦ।

**ਸਰਦਾਰ ਮਹੇਸ਼ਇੰਦਰ ਸਿੰਘ (ਬਾਘਾ ਪੁਰਾਣਾ):** ਸਤਿਕਾਰਯੋਗ ਸਪੀਕਰ ਸਾਹਿਬ, ਵਿਧਾਨ ਸਭਾ ਵਿੱਚ ਪਹਿਲਾਂ ਵੀ ਕਈ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਬਿਲ ਆਏ ਹਨ। ਬਹੁਤ ਸਾਰੇ ਸਤਿਕਾਰਯੋਗ ਮੈਂਬਰਾਂ ਨੇ ਆਪਣੇ ਖਦਸ਼ੇ ਜ਼ਾਹਿਰ ਕੀਤੇ ਹਨ, ਉਨ੍ਹਾਂ ਵਿੱਚ ਮੈਂ ਵੀ ਸ਼ਾਮਲ ਹਾਂ। ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਨੂੰ ਬਿਲ ਪੇਸ਼ ਹੋਣ ਵਾਲੇ ਦਿਨ ਹੀ ਮਿਲੇ ਹਨ ਅਤੇ ਜਿਹੜੀਆਂ ਬੇਨਤੀਆਂ ਇੱਥੇ ਕੀਤੀਆਂ ਗਈਆਂ ਸਨ ਉਨ੍ਹਾਂ ਦੀ ਤਰਮੀਮ ਇਸ ਬਿਲ ਵਿੱਚ ਨਹੀਂ ਹੋਈ। ਇੱਕ ਗੱਲ ਮੈਂ ਪਹਿਲਾਂ ਵੀ ਬੋਲ ਚੁੱਕਾ ਹਾਂ, ਇਹ ਇਸ ਤੋਂ ਪਹਿਲਾਂ ਦੀਆਂ ਯੂਨੀਵਰਸਿਟੀਆਂ ਅਤੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਤੇ ਵੀ ਲਾਗੂ ਹੁੰਦੀ ਹੈ। ਪੰਜਾਬ ਵਿੱਚ ਕਈ ਪ੍ਰਾਈਵੇਟ ਸਕੂਲ ਚਲਦੇ ਹਨ, ਕਿਸੇ ਦੀ ਐਫੀਲੀਏਸ਼ਨ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨਾਲ ਹੈ, ਕਿਸੇ ਦੀ ਐਫੀਈਲੇਸ਼ਨ ਆਈ.ਸੀ.ਐਸ.ਈ. ਨਾਲ ਹੈ ਤੇ ਕਿਸੇ ਦੀ ਸੀ.ਬੀ.ਐਸ.ਈ. ਨਾਲ ਹੈ, ਉਨ੍ਹਾਂ ਤੇ ਕਨਸਰਨਡ ਬੋਰਡਾਂ ਦੇ ਸਾਰੇ ਕਾਇਦੇ ਕਾਨੂੰਨ ਲਾਗੂ ਹੁੰਦੇ ਹਨ। ਉਨ੍ਹਾਂ ਦੇ ਕਾਨੂੰਨ ਮੁਤਾਬਕ ਹੀ ਪ੍ਰਾਈਵੇਟ ਸਕੂਲਾਂ ਦਾ ਸਾਰਾ ਸਿਸਟਮ ਚਲਦਾ ਹੈ। ਪੰਜਾਬ ਵਿੱਚ ਜਿਹੜੇ ਸਕੂਲ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨਾਲ ਐਫੀਲੀਏਟਿਡ ਹਨ, ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਉਨ੍ਹਾਂ ਨੂੰ ਸਖਤ ਹਦਾਇਤ ਹੈ ਕਿ ਜਿਹੜਾ ਉਨ੍ਹਾਂ ਦਾ ਟੀਚਿੰਗ ਸਟਾਫ ਹੈ, ਉਨ੍ਹਾਂ ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬੇਸਿਕ ਪੇਅ ਦੇ ਬਰਾਬਰ ਤਨਖਾਹ ਦੇਣੀ ਪਵੇਗੀ ਪਰੰਤੂ ਇਸ ਐਕਟ ਵਿੱਚ ਇਸ ਬਾਰੇ ਕਿਤੇ ਵੀ ਅਜਿਹਾ ਨਹੀਂ ਲਿਖਿਆ। ਸਾਰੇ ਮੁਲਕ ਵਿੱਚ ਹੀ ਅਨਇੰਪਲਾਇਮੈਂਟ ਹੈ। ਜਦ ਮੁਲਕ ਦੀ ਜਨਸੰਖਿਆ ਸਵਾ ਸੌ ਕਰੋੜ ਹੋ ਗਈ ਤਾਂ ਨੈਚੁਰਲੀ ਅਨਇੰਪਲਾਇਮੈਂਟ ਤਾਂ ਹੋਣੀ ਹੀ ਹੋਣੀ ਹੈ। ਗਰੀਬੀ ਉਨ੍ਹਾਂ ਦੀ ਮਜਬੂਰੀ ਹੈ ਜਿਸ ਕਾਰਨ ਘੱਟ ਤੋਂ ਘੱਟ ਤਨਖਾਹ ਤੇ ਬੱਚੇ ਇਨ੍ਹਾਂ ਇੰਸਟੀਚਿਊਸ਼ਨਾਂ ਵਿੱਚ ਕੰਮ ਕਰਨ ਨੂੰ ਤਿਆਰ ਹਨ ਜੋ ਕਿ ਉਨ੍ਹਾਂ ਦਾ ਸੋਸ਼ਣ ਹੈ। ਵਿਦਿਆਰਥੀਆਂ ਤੋਂ ਵੱਧ ਫੀਸ ਉਗਰਾਹੀ ਜਾਂਦੀ ਹੈ। ਜਿਵੇਂ ਸਤਿਕਾਰਯੋਗ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਇਸ ਯੂਨੀਵਰਸਿਟੀ ਦੀ ਪੈਸੇ ਕਮਾਉਣ ਦੀ ਕੋਈ ਮਨਸ਼ਾ ਨਹੀਂ ਹੈ। ਵਾਕਿਆ ਹੀ ਇਹ ਸੇਵਾ ਭਾਵਨਾ ਨਾਲ ਆਏ ਹੋਏ ਹਨ। ਮੈਂ ਨਹੀਂ ਕਹਿੰਦਾ ਲੇਕਿਨ ਸੇਵਾ ਭਾਵਨਾ ਵਿੱਚ ਜਿਹੜੀਆਂ ਤਰੁੱਟੀਆਂ

ਰਹਿ ਗਈਆਂ ਹਨ, ਉਹ ਸਾਨੂੰ ਜ਼ਰੂਰ ਦੂਰ ਕਰਨੀਆਂ ਚਾਹੀਦੀਆਂ ਹਨ। ਜਿਵੇਂ ਇਹ ਨਹੀਂ ਦੱਸਿਆ ਗਿਆ ਕਿ ਫੈਕਲਟੀ ਨੂੰ ਕਿੰਨੀ ਪੇਅ ਦੇਣੀ ਹੈ। ਮੈਂ ਤੁਹਾਡੇ ਰਾਹੀਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਜਿਹੜੀ ਇਨ੍ਹਾਂ ਦੀ ਐਫੀਲੀਏਸ਼ਨ ਹੈ, ਉਸ ਵੱਲ ਧਿਆਨ ਦਿੱਤਾ ਜਾਵੇ। ਜਿਵੇਂ ਪੰਜਾਬ ਯੂਨੀਵਰਸਿਟੀ ਹੈ, ਉਸ ਦਾ ਕੋਈ ਸਟੈਂਡਰਡ ਹੈ। ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦਾ ਕੋਈ ਸਟੈਂਡਰਡ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਕੋਈ ਸਟੈਂਡਰਡ ਹੈ। ਉਨ੍ਹਾਂ ਦੇ ਨਾਲ ਇਹ ਯੂਨੀਵਰਸਿਟੀਆਂ ਅਟੈਚ ਕਰ ਦਿੱਤੀਆਂ ਜਾਣ। ਉਨ੍ਹਾਂ ਦੇ ਸਾਰੇ ਕਾਇਦੇ-ਕਾਨੂੰਨ ਇਨ੍ਹਾਂ ਤੇ ਲਾਗੂ ਹੋਣ। ਇੱਕ ਹੋਰ ਛੋਟੀ ਜਿਹੀ ਬੇਨਤੀ ਹੈ ਕਿ ਜਿਹੜਾ ਆਰਟੀਕਲ 36 ਹੈ, ਉਸ ਵਿੱਚ ਲਿਖਿਆ ਹੈ :

> "No suit or other legal proceeding shall lie against any officer or employee of the University for anything which is done in good faith or intended to be done in pursuance of the provisions of this Act or the statutes, ordinances or regulations."

ਜਿਹੜਾ ਉਸ ਨੇ ਕੰਮ ਕਰਨਾ ਹੈ, ਉਹ ਯੂਨੀਵਰਸਿਟੀ ਦੀ ਫੇਵਰ ਵਿੱਚ ਕਰਨਾ ਹੈ, ਗੁੱਡ ਫੇਥ ਵਿੱਚ ਕਰਨਾ ਹੈ। ਇਸ ਤੇ ਲਾਜ਼ਮੀ ਕੋਈ ਨਾ ਕੋਈ ਚੈੱਕ ਹੋਣਾ ਚਾਹੀਦਾ ਹੈ। ਇੰਨੀ ਕੁ ਮੇਰੀ ਗੁਜਾਰਿਸ਼ ਹੈ। Thank you very much.

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਬਿਲ 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 38**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 38 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 38 ਬਿਲ ਦਾ ਹਿੱਸਾ ਹਨ।

**ਪ੍ਰਸਤਾਵ ਪ੍ਰਵਾਨ ਹੋਇਆ।**

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ):** ਸਪੀਕਰ ਸਾਹਿਬ, ਜਿੱਥੋਂ ਤੱਕ ਫੀਸ ਦੀ ਗੱਲ ਹੈ, ਅੱਜ ਮਾਰਕੀਟ ਵਿੱਚ ਕੰਪੀਟੀਸ਼ਨ ਹੈ। ਉਸ ਅਨੁਸਾਰ ਹੀ ਫੀਸਾਂ ਤੈਅ ਕੀਤੀਆਂ ਜਾਂਦੀਆਂ ਹਨ। ਇਹ ਯੂਨੀਵਰਸਿਟੀਆਂ ਬਣਨ ਨਾਲ ਵਿਦਿਆ ਦੇ ਖੇਤਰ ਵਿੱਚ ਕਾਫੀ ਸੁਧਾਰ ਹੋਇਆ ਹੈ। ਜਿੱਥੋਂ ਤੱਕ ਜੱਜ ਸਾਹਿਬ ਨੇ ਯੂਨੀਵਰਸਿਟੀਆਂ ਦੇ ਪਰਮਿਸਿਸ ਦੀ ਗੱਲ ਕੀਤੀ ਹੈ ਕਿ ਸਾਰਾ ਕੁਝ ਇਨ੍ਹਾਂ ਤੱਕ ਹੀ ਸੀਮਿਤ ਹੈ। ਅਜਿਹੀ ਗੱਲ ਨਹੀਂ ਹੈ। ਹਾਇਰ ਐਜੂਕੇਸ਼ਨ ਡਿਪਾਰਟਮੈਂਟ ਜਾ ਕੇ ਸਾਰਾ ਕੁਝ ਦੇਖਦਾ ਹੈ ਕਿ ਕਿੰਨੇ ਪ੍ਰੋਫੈਸਰ ਹਨ ਅਤੇ

ਯੂਨੀਵਰਸਿਟੀ ਦਾ ਏਰੀਆ ਕਿੰਨਾ ਹੈ, ਉਸ ਅਨੁਸਾਰ ਇਨਫ੍ਰਾਸਟ੍ਰਕਚਰ ਬਣਿਆ ਹੋਇਆ ਹੈ ਜਾਂ ਨਹੀਂ। ਇਸੇ ਕਰਕੇ ਹੀ ਪੰਜਾਬ ਐਜੂਕੇਸ਼ਨ ਇੰਸਟੀਚਿਊਟ ਰੈਗੂਲੇਟਰੀ ਐਕਟ ਦੀ ਸਥਾਪਨਾ ਕੀਤੀ ਜਾ ਰਹੀ ਹੈ, ਜੋ ਹਾਲੇ ਵਿਚਾਰ ਅਧੀਨ ਹੈ। ਇਸ ਅਥਾਰਟੀ ਅਧੀਨ ਪ੍ਰਾਈਵੇਟ ਯੂਨੀਵਰਸਿਟੀਆਂ ਵਿਦਿਆਰਥੀਆਂ ਕੋਲੋਂ ਵਾਧੂ ਫੀਸ ਅਤੇ ਡੋਨੇਸ਼ਨ ਨਹੀਂ ਲੈ ਸਕਣਗੀਆਂ। ਇਸ ਵਾਸਤੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿੱਥੋਂ ਤੱਕ ਐਂਟਰੀ ਕਰਨ ਦੀ ਗੱਲ ਹੈ, ਉਸ ਬਾਰੇ ਮੇਰੀ ਬੇਨਤੀ ਹੈ ਕਿ ਜੋ ਪਹਿਲਾਂ ਯੂਨੀਵਰਸਿਟੀਆਂ ਬਣੀਆਂ ਹਨ, ਉਨ੍ਹਾਂ ਬਾਰੇ ਬਿਲ ਵਿੱਚ ਸੋਧ ਕੀਤੀ ਜਾ ਰਹੀ ਹੈ ਅਤੇ ਜਿਹੜੀ ਪੰਜਾਬ ਸਰਕਾਰ ਦੀ ਹਾਇਰ ਐਜੂਕੇਸ਼ਨ ਸਬੰਧੀ ਪਾਲਿਸੀ ਹੋਵੇਗੀ, ਉਸ ਅਨੁਸਾਰ ਹੀ ਐਂਟਰੀ ਹੋ ਸਕੇਗੀ। ਇਸ ਤੋਂ ਇਲਾਵਾ ਯੂ.ਜੀ.ਸੀ. ਦੇ ਪਹਿਲਾਂ ਹੀ ਨਾਰਮਜ਼ ਬਣੇ ਹੋਏ ਹਨ, ਉਸ ਮੁਤਾਬਕ ਹੀ ਸਾਰੀਆਂ ਫੈਕਲਟੀਆਂ ਲਗਦੀਆਂ ਹਨ।

**ਮਾਨਯੋਗ ਸਪੀਕਰ :** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਬਿਲ, 2014 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਬਿਲ, 2014 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਬਿਲ, 2014 ਪਾਸ ਕੀਤਾ ਜਾਵੇ ।

***ਪ੍ਰਸਤਾਵ ਪ੍ਰਵਾਨ ਹੋਇਆ*** ।

-------

## 5. THE PUNJAB DEVELOPMENT FUND BILL, 2014

**ਮਾਨਯੋਗ ਸਪੀਕਰ :** ਉਪ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਵਿਕਾਸ ਫੰਡ ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਵਿਕਾਸ ਫੰਡ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਵਿਕਾਸ ਫੰਡ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਪੰਜਾਬ ਵਿਕਾਸ ਫੰਡ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

### ਕਲਾਜ਼ 1 ਦੀ ਸਬ ਕਲਾਜ਼ (2)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 11**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 11 ਤੱਕ ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 11 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਉਪ ਮੁੱਖ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਵਿਕਾਸ ਫੰਡ ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਵਿਕਾਸ ਫੰਡ ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਵਿਕਾਸ ਫੰਡ ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------

## 6. THE PUNJAB LAWS (SPECIAL PROVISIONS) BILL, 2014 *(Replacing Ordinance)*

**ਮਾਨਯੋਗ ਸਪੀਕਰ :** ਉਪ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨ ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ ਸੋਮ ਪ੍ਰਕਾਸ਼ ਜੀ?

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਸਪੀਕਰ ਸਾਹਿਬ, ਪੰਜਾਬ ਲਾਅਜ਼ (ਸਪੈਸ਼ਲ ਪ੍ਰੋਵੀਜ਼ਨ) ਬਿਲ, 2014 ਡਿਪਟੀ ਸੀ.ਐਮ. ਸਾਹਿਬ ਨੇ ਲਿਆਂਦਾ ਹੈ, ਇਹ ਬਹੁਤ ਵਧੀਆ ਬਿਲ ਹੈ ਲੇਕਿਨ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਲੋਕਾਂ ਨੇ ਪਹਿਲਾਂ ਵੀ ਕਲੋਨੀਆਂ ਨੂੰ ਰੈਗੂਲਰ ਕਰਨ ਲਈ ਅਪਲਾਈ ਕੀਤਾ ਸੀ। ਉਨ੍ਹਾਂ ਨੇ ਪਰਾਪਰ ਫੀਸ ਵੀ ਜਮ੍ਹਾਂ ਕਰਵਾ ਦਿੱਤੀ। ਚਾਹੇ ਹਾਊਸਿੰਗ ਡਿਪਾਰਟਮੈਂਟ ਨਾਲ ਰਿਲੇਟਿਡ ਹੋਵੇ, ਪੁੱਡਾ, ਗਮਾਡਾ ਜਾਂ ਲੋਕਲ ਗੌਰਮਿੰਟ ਨਾਲ ਹੋਵੇ। ਜਦ ਤੱਕ ਅਸੀਂ ਕਲੋਨੀਆਂ ਨੂੰ ਰੈਗੂਲਰ ਕਰਨ ਦਾ ਸਹੀ ਸਿਸਟਮ ਅਡਾਪਟ ਨਹੀਂ ਕਰਦੇ, ਉਨਾ ਚਿਰ ਸਾਡੀ ਬਦਨਾਮੀ ਹੁੰਦੀ ਰਹੇਗੀ। ਲੋਕ ਫੀਸ ਜਮ੍ਹਾਂ ਕਰਵਾ ਦਿੰਦੇ ਹਨ, ਪਲਾਟਾਂ ਦੇ ਪੈਸੇ ਜਮ੍ਹਾਂ ਕਰਵਾ ਦਿੰਦੇ ਹਨ, ਕਲੋਨੀਆਂ ਵਾਲੇ ਕਲੋਨੀਆਂ ਦੇ ਪੈਸੇ ਜਮ੍ਹਾਂ ਕਰਵਾ ਦਿੰਦੇ ਹਨ ਪ੍ਰੰਤੂ ਉਨ੍ਹਾਂ ਨੂੰ ਸਰਟੀਫਿਕੇਟ ਨਹੀਂ ਮਿਲਦਾ ਕਿ ਤੁਹਾਡੀ ਕਲੋਨੀ

ਰੈਗੂਲੇਰਾਈਜ਼ ਹੋ ਗਈ ਹੈ। ਸੋ, ਮੇਰੀ ਬੇਨਤੀ ਹੈ, ਡਿਪਟੀ ਸੀ.ਐਮ. ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਰੈਗੂਲਰ ਹੋਣ ਵਾਸਤੇ ਫੀਸ ਜਮ੍ਹਾਂ ਕਰਵਾਉਣ ਦੇ ਬਾਵਜੂਦ ਉਹ ਬਹੁਤ ਪ੍ਰੇਸ਼ਾਨ ਹੁੰਦੇ ਹਨ, ਖੱਜਲ ਖੁਆਰੀ ਬਹੁਤ ਹੁੰਦੀ ਹੈ, ਚਾਹੇ ਉਹ ਪਲਾਟ ਓਨਰ ਹੋਵੇ, ਚਾਹੇ ਕਲੋਨੀ ਵਾਲਾ ਹੋਵੇ। ਸਪੈਸੀਫਿਕ ਫੀਸ ਵੀ ਵਧੀ ਜਾਂਦੀ ਹੈ ਅਤੇ ਉਸ ਤੋਂ ਬਾਅਦ ਵੀ ਉਨ੍ਹਾਂ ਦੀ ਲੁੱਟ-ਖਸੁੱਟ ਹੁੰਦੀ ਹੈ। ਤੁਸੀਂ ਐਡਮਨਿਸਟ੍ਰੇਟਿਵ ਰਿਫਾਰਮਜ਼ ਬਹੁਤ ਲਿਆਂਦੇ ਹਨ। ਤੁਸੀਂ ਬਹੁਤ ਸੁਧਾਰ ਕੀਤਾ ਹੈ ਪਰੰਤੂ ਇਨ੍ਹਾਂ ਸੁਧਾਰਾਂ ਨੂੰ ਆਪਾਂ ਥੱਲੇ ਤੱਕ ਲੈ ਕੇ ਜਾਈਏ। ਇਸ ਦੇ ਵਾਸਤੇ ਇੱਕ ਕਮੇਟੀ ਬਣਾ ਦਿਓ। ਇਹ ਇੱਕ ਆਦਮੀ ਦੇ ਹੱਥ ਵਿੱਚ ਨਾ ਰਹੇ। ਚਾਰ-ਪੰਜ ਬੰਦਿਆਂ ਦੀ ਕਮੇਟੀ ਹੋਵੇ ਅਤੇ ਉਸ ਕਮੇਟੀ ਦੇ ਏਜੰਡੇ ਵਿੱਚ ਉਪਰੋਕਤ ਗੱਲਾਂ ਆ ਜਾਣ। ਪਰਾਪਰ ਚੈੱਕ ਹੋਵੇ ਕਿ ਉਨ੍ਹਾਂ ਨੇ ਕਿਹੜੇ ਕਿਹੜੇ ਡਾਕੂਮੈਂਟਸ ਦੇਣੇ ਹਨ। ਉਸ ਮੁਤਾਬਿਕ ਜਦੋਂ ਸਾਰੇ ਪੇਪਰ ਆ ਜਾਣ ਫਿਰ ਡੀਮਡ ਅਪਰੂਵਲ ਵਾਸਤੇ ਇੱਕ ਮਹੀਨੇ ਦਾ ਟਾਈਮ ਫਿਕਸ ਕਰ ਦਿਓ। ਹੁਣ ਜਿਹੜਾ ਹੋ ਰਿਹਾ ਹੈ, ਉਸ ਵਿੱਚ ਲੋਕਾਂ ਦੀ ਬਹੁਤ ਖੱਜਲ-ਖੁਆਰੀ ਹੋਈ ਹੈ। ਇਸ ਨੂੰ ਰੋਕਣ ਲਈ ਮੇਰੀ ਤੁਹਾਨੂੰ ਪੁਰਜ਼ੋਰ ਬੇਨਤੀ ਹੈ ਕਿ ਅਸੀਂ ਬਹੁਤ ਚੰਗੀ ਇਨਟੈਨਸ਼ਨ ਨਾਲ ਬਿਲ ਲੈ ਕੇ ਆਉਂਦੇ ਹਾਂ ਪਰੰਤੂ ਨਾ ਕਿਸੇ ਨੂੰ ਐਨ.ਓ.ਸੀ. ਮਿਲਦਾ ਹੈ, ਨਾ ਕਿਸੇ ਦੀ ਕਲੋਨੀ ਪਾਸ ਹੁੰਦੀ ਹੈ, ਨਾ ਕਿਸੇ ਦਾ ਪਲਾਟ ਪਾਸ ਹੁੰਦਾ ਹੈ। ਇਹ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਸੀ। ਧੰਨਵਾਦ ਜੀ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

### ਕਲਾਜ਼ 1 ਦੀਆਂ ਸਬ-ਕਲਾਜ਼ਾਂ (2) ਅਤੇ (3)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀਆਂ ਸਬ-ਕਲਾਜ਼ਾਂ (2) ਅਤੇ (3) ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

[ ਮਾਨਯੋਗ ਸਪੀਕਰ ]

**ਕਲਾਜ਼ਾਂ 2 ਤੋਂ 16**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 16 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

**(ਆਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜਾਂ 2 ਤੋਂ 16 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮਾਨਯੋਗ ਉਪ ਮੁੱਖ ਮੰਤਰੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ 2-3 ਇਸ਼ੂਜ਼ ਦੀ ਗੱਲ ਕੀਤੀ ਹੈ, ਮੈਂ ਇਨ੍ਹਾਂ ਨਾਲ ਸਹਿਮਤ ਹਾਂ ਕਿਉਂਕਿ ਪਹਿਲੀ ਵਾਰ ਜਦੋਂ ਬਿਲ ਬਣਿਆ ਸੀ ਤਾਂ ਕੋਈ ਦੋ-ਢਾਈ ਲੱਖ ਦੇ ਕਰੀਬ ਐਪਲੀਕੇਸ਼ਨਜ਼ ਆ ਗਈਆਂ ਸਨ। ਉਨ੍ਹਾਂ ਨੂੰ ਸਾਰਟ-ਆਊਟ ਕਰਨ ਤੇ ਵੀ ਟਾਈਮ ਲੱਗ ਗਿਆ ਅਤੇ ਹੁਣ ਜਿਹੜਾ ਦੂਸਰਾ ਅਸੀਂ ਬਿਲ ਲੈ ਕੇ ਆਏ ਹਾਂ, ਇਹ ਜਿਥੇ ਸਾਨੂੰ ਕਮੀਆਂ ਲੱਗੀਆਂ ਸਨ, ਇਸ

ਬਿਲ ਰਾਹੀਂ ਅਸੀਂ ਉਹ ਦੂਰ ਕੀਤੀਆਂ ਹਨ। ਬਿਲ ਵਿੱਚ ਅਸੀਂ ਇੱਕ ਕੰਡੀਸ਼ਨ ਇਹ ਲਗਾਈ ਹੈ ਕਿ 30 ਦਿਨਾਂ ਦੇ ਅੰਦਰ ਅੰਦਰ ਐਪਲੀਕੇਸ਼ਨ ਦਾ ਫੈਸਲਾ ਹੋ ਜਾਵੇ। ਜਿਸ ਨਾਲ ਅਫ਼ਸਰ ਬਾਊਂਡ ਹੋਣਗੇ ਅਤੇ ਜਿਹੜਾ ਵਿਦਇਨ ਟਾਈਮ ਅਜਿਹਾ ਨਹੀਂ ਕਰੇਗਾ, strict action will be taken against that officer.

ਦੂਜੀ ਗੱਲ, ਜਿਹੜੀਆਂ ਸ਼ਹਿਰ ਦੇ ਵਿੱਚ ਕਲੋਨੀਆਂ ਹਨ, ਉਨ੍ਹਾਂ ਸਬੰਧੀ ਕਮਿਸ਼ਨਰ, ਮਿਉਂਸਪਲ ਕਾਰਪੋਰੇਸ਼ਨ ਨੂੰ ਪਾਵਰ ਦੇ ਦਿੱਤੀ ਹੈ। ਜਿਹੜੀਆਂ ਸ਼ਹਿਰ ਤੋਂ ਬਾਹਰ ਹਨ, ਉਨ੍ਹਾਂ ਸਬੰਧੀ ਸੀ.ਏਜ਼ ਨੂੰ ਪਾਵਰ ਦਿੱਤੀ ਗਈ ਹੈ। ਜਿਹੜੀਆਂ ਛੋਟੀਆਂ ਕਮੇਟੀਆਂ ਹਨ, ਉਨ੍ਹਾਂ ਸਬੰਧੀ ਡਿਪਟੀ ਡਾਇਰੈਕਟਰ, ਲੋਕਲ ਗੌਰਮਿੰਟ ਵਿਭਾਗ ਨੂੰ ਪਾਵਰ ਦਿੱਤੀ ਹੈ ਅਤੇ ਇਸ ਦੀ ਮੋਨੀਟਰਿੰਗ ਅਸੀਂ ਸਪੈਸ਼ਲੀ ਆਪ ਕਰਾਂਗੇ। ਜਿਹੜਾ ਬਿਲ ਦੇ ਵਿੱਚ 30 ਦਿਨ ਦਾ ਟਾਈਮ ਦਿੱਤਾ ਹੈ, it will be time bound. ਇਸ ਨਾਲ ਅਫ਼ਸਰ ਬਾਊਂਡ ਹੋ ਜਾਣਗੇ। ਮੈਨੂੰ ਪੂਰੀ ਉਮੀਦ ਹੈ ਕਿ ਜਿਹੜੀਆਂ ਪਿੱਛੇ ਪ੍ਰਾਬਲਮਜ਼ ਸਨ, ਉਹ ਅੱਗੇ ਨਹੀਂ ਹੋਣਗੀਆਂ ਕਿਉਂਕਿ ਇਸ ਵਿੱਚ ਸਾਰਾ ਕੁਝ ਸ਼ਾਮਲ ਕਰ ਦਿੱਤਾ ਹੈ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ)** : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------

## 7. THE MAHARAJA RANJIT SINGH STATE TECHNICAL UNIVERSITY BILL, 2014

***(Replacing Ordinance)***

**ਮਾਨਯੋਗ ਸਪੀਕਰ :** ਤਕਨੀਕੀ ਸਿੱਖਿਆ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ ਜੀ ਬਿਲ ਪੇਸ਼ ਕਰਨਗੇ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

**ਕਲਾਜ਼ਾਂ 2 ਤੋਂ 30**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 30 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਆਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਕਲਾਜ਼ਾਂ 2 ਤੋਂ 30 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਸਾਹਿਬ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

ਕਿ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----

## 8. THE PUNJAB AFFILIATED COLLEGES (SECURITY OF SERVICE) AMENDMENT BILL, 2014

***(Replacing Ordinance)***

**ਮਾਨਯੋਗ ਸਪੀਕਰ :** ਉਚੇਰੀ ਸਿੱਖਿਆ ਮੰਤਰੀ ਬਿਲ ਪੇਸ਼ ਕਰਨ।

**ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ):** ਸ਼੍ਰੀਮਾਨ ਜੀ, ਮੈਂ ਪੰਜਾਬ ਸੰਬੰਧਿਤ ਕਾਲਜਾਂ (ਸੇਵਾ ਦੀ ਸੁਰੱਖਿਆ) ਸੋਧਨਾ ਬਿਲ, 2014 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਸੰਬੰਧਿਤ ਕਾਲਜਾਂ (ਸੇਵਾ ਦੀ ਸੁਰੱਖਿਆ) ਸੋਧਨਾ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਸੰਬੰਧਿਤ ਕਾਲਜਾਂ (ਸੇਵਾ ਦੀ ਸੁਰੱਖਿਆ) ਸੋਧਨਾ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਸੰਬੰਧਿਤ ਕਾਲਜਾਂ (ਸੇਵਾ ਦੀ ਸੁਰੱਖਿਆ) ਸੋਧਨਾ ਬਿਲ, 2014 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ।

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਸੰਬੰਧਿਤ ਕਾਲਜਾਂ (ਸੇਵਾ ਦੀ ਸੁਰੱਖਿਆ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਸੰਬੰਧਿਤ ਕਾਲਜਾਂ (ਸੇਵਾ ਦੀ ਸੁਰੱਖਿਆ) ਬਿਲ, 2014 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਸੰਬੰਧਿਤ ਕਾਲਜਾਂ (ਸੇਵਾ ਦੀ ਸੁਰੱਖਿਆ) ਬਿਲ, 2014 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------

**ਮਾਨਯੋਗ ਸਪੀਕਰ :** ਹੁਣ ਮਾਨਯੋਗ ਮੈਂਬਰਾਂ ਨੂੰ ਆਪਣੇ ਹਲਕੇ ਨਾਲ ਸੰਬੰਧਿਤ ਮਾਮਲੇ ਦੱਸਣ ਲਈ ਦੋ ਘੰਟੇ ਦਾ ਸਮਾਂ ਹੈ। ਮੈਂ ਇਸ ਦੇ ਨਾਲ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ, ਮੈਂ ਇਹ ਪਿਛਲੀ ਵਾਰ ਵੀ ਕਿਹਾ ਸੀ ਕਿ ਜਿਨ੍ਹਾਂ ਮੈਂਬਰਾਂ ਨੇ ਆਪਣੇ ਹਲਕੇ ਨਾਲ ਸੰਬੰਧਿਤ ਕੋਈ ਸਮੱਸਿਆ ਦੱਸਣੀ ਹੈ, ਉਹ ਇੰਨ ਰਾਈਟਿੰਗ ਸਵੇਰੇ 10.00 ਵਜੇ ਤੱਕ ਦੇ ਦੇਣ। ਅੱਜ ਤਾਂ ਸੈਸ਼ਨ ਖ਼ਤਮ ਹੋ ਰਿਹਾ ਹੈ, ਇੰਨ ਫਿਊਚਰ ਜਿਵੇਂ ਹੋਰ ਆਮ ਨੋਟਿਸ ਦਿੱਤਾ ਜਾਂਦਾ ਹੈ, ਜੋ ਮੈਂਬਰ ਸਾਹਿਬ ਨੇ ਕਹਿਣਾ ਹੈ ਉਹ ਇੰਨ ਰਾਈਟਿੰਗ ਦੇਣਾ ਪਵੇਗਾ ਅਤੇ ਹੂ-ਬ-ਹੂ ਉਹੀ ਲਫ਼ਜ਼ ਪੜ੍ਹਨੇ ਹੋਣਗੇ। ਮੈਂ ਆਸ ਕਰਦਾ ਹਾਂ ਕਿ ਅੱਗੋਂ ਵਾਸਤੇ ਸਾਰੇ ਮੈਂਬਰ ਅਜਿਹਾ ਕਰਨਗੇ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਇਹ ਜੋ ਦੋ ਘੰਟੇ ਦਾ ਸਮਾਂ ਹੈ, ਇਹ ਵਿਰੋਧੀ ਧਿਰ ਨੂੰ ਅਕੋਮੋਡੇਟ ਕਰਨ ਵਾਸਤੇ ਰੱਖਿਆ ਗਿਆ ਸੀ।

**ਮਾਨਯੋਗ ਸਪੀਕਰ** : ਜੇਕਰ ਆਪਣਾ ਕੋਈ ਮੈਂਬਰ ਗੱਲ ਨਹੀਂ ਕਰਨੀ ਚਾਹੁੰਦਾ ਤਾਂ ਫੇਰ ਠੀਕ ਹੈ।

**ਸੰਸਦੀ ਮਾਮਲੇ ਮੰਤਰੀ :** ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ, ਵਿਰੋਧੀ ਧਿਰ ਦਾ ਇਹ ਕਹਿਣਾ ਸੀ ਕਿ ਸਾਨੂੰ ਆਪਣੀ ਗੱਲ ਕਹਿਣ ਦਾ ਮੌਕਾ ਨਹੀਂ ਦਿੱਤਾ। ਅਸੀਂ ਕਿਹਾ ਸੀ ਠੀਕ ਹੈ, ਪਿਛਲੀ ਵਾਰ ਦੀ ਤਰ੍ਹਾਂ ਸਮਾਂ ਲੈ ਲਓ but they are not present. They are not interested. ਅਸੀਂ ਤਾਂ ਟਾਈਮ ਦਿੱਤਾ ਪਰ ਉਹ ਆਪਣੀ ਗੱਲ ਰੱਖਣ ਵਿੱਚ ਇੰਟ੍ਰਸਟਿਡ ਹੀ ਨਹੀਂ ਹਨ। ਉਹ ਤਾਂ ਦੂਜੀਆਂ ਗੱਲਾਂ ਵਿੱਚ ਇੰਟ੍ਰਸਟਿਡ ਸਨ।

**ਮਾਨਯੋਗ ਸਪੀਕਰ :** ਜੇਕਰ ਟਰੈਜ਼ਰੀ ਬੈਂਚਿਜ਼ ਤੋਂ ਕਿਸੇ ਨੇ ਆਪਣੇ ਹਲਕੇ ਦੀ ਗੱਲ ਕਰਨੀ ਹੈ ਤਾਂ ਕਰ ਸਕਦੇ ਹਨ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਸਾਰੇ ਮੈਂਬਰ ਮੰਤਰੀਆਂ ਨੂੰ ਮਿਲਦੇ ਹਨ, ਆਪਣੀ ਗੱਲ ਕਰਦੇ ਹਨ। ਜੇਕਰ ਕੋਈ ਡਿਮਾਂਡ ਹੈ, ਉਹ ਦੱਸਦੇ ਹਨ। ਇਸ ਕਰਕੇ ਅੱਜ ਇਹ ਸਮਾਂ ਰੱਖਣ ਦੀ ਕੋਈ ਲੋੜ ਨਹੀਂ ਹੈ।

**ਮਾਨਯੋਗ ਸਪੀਕਰ :** ਠੀਕ ਹੈ ਜੀ।

**ਸੰਸਦੀ ਮਾਮਲੇ ਮੰਤਰੀ :** ਬਾਕੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਹੈ ਕਿ ਤੁਸੀਂ ਵਧੀਆ ਹਾਊਸ ਚਲਾਇਆ ਹੈ। ਗੱਲਾਂ ਸੁਣਨੀਆਂ ਪਈਆਂ ਪਰ ਫੇਰ ਵੀ ਸਭ ਠੀਕ ਹੋ ਗਿਆ ਹੈ।

**ਮਾਨਯੋਗ ਸਪੀਕਰ :** ਹੁਣ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੁੰਦਾ ਹੈ।

*12.52 ਵਜੇ ਬਾਅਦ ਦੁਪਹਿਰ। (*ਇਸ ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।)

-----

# APPENDIX
# TO
# PUNJAB VIDHAN SABHA DEBATES
## Wednesday, the 24th December, 2014
## Vol. IX- No.4
## STARRED QUESTIONS AND ANSWERS

### ਲੁਧਿਆਣਾ ਵਿਖੇ ਉਦਯੋਗਿਕ ਫੋਕਲ ਪੁਆਇੰਟ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ

***1741. ਸ੍ਰੀ ਰਾਕੇਸ਼ ਪਾਂਡੇ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਫੋਕਲ ਪੁਆਇੰਟ ਡਿਵੈਲਪਮੈਂਟ ਐਸੋਸੀਏਸ਼ਨ (ਮੈਂਬਰ ਸੀ.ਆਈ.ਸੀ.ਯੂ) ਲੁਧਿਆਣਾ ਵੱਲੋਂ ਲੁਧਿਆਣਾ ਵਿਖੇ ਉਦਯੋਗਿਕ ਫੋਕਲ ਪੁਆਇੰਟ ਫੇਜ਼ 1, 2, 3 ਦੇ ਉਦਯੋਗਿਕ ਪਲਾਟਾਂ ਨੂੰ ਕੈਂਸਲ/ਮੁੜ ਪ੍ਰਾਪਤ ਕਰਨ ਸਮੇਤ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਸਬੰਧੀ ਕੋਈ ਪ੍ਰਤੀ-ਬੇਨਤੀ ਪ੍ਰਾਪਤ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਉਸ ਉੱਤੇ ਕੀ ਕਾਰਵਾਈ ਕੀਤੀ ਗਈ ਹੈ?

**ਸਰਦਾਰ ਸੁਖਬੀਰ ਸਿੰਘ ਬਾਦਲ (ਉਪ ਮੁੱਖ ਮੰਤਰੀ) :** ਹਾਂ ਜੀ। ਫੋਕਲ ਪੁਆਇੰਟ ਡਿਵੈਲਪਮੈਂਟ ਐਸੋਸੀਏਸ਼ਨ ਲੁਧਿਆਣਾ ਵੱਲੋਂ ਉਨ੍ਹਾਂ ਦੀਆਂ ਫੇਜ਼ 1, 2, 3 ਫੋਕਲ ਪੁਆਇੰਟ ਲੁਧਿਆਣਾ ਦੀਆਂ ਸਮੱਸਿਆਵਾਂ ਸਬੰਧੀ ਇੱਕ ਪ੍ਰਤੀ ਬੇਨਤੀ ਪ੍ਰਾਪਤ ਹੋਈ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਪਹਿਲਾਂ ਮੁੱਖ ਪ੍ਰਸ਼ਾਸਕ, ਗਲਾਡਾ, ਲੁਧਿਆਣਾ ਦੇ ਪੱਧਰ ਤੇ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ ਸੀ। ਇਸ ਤੋਂ ਬਾਅਦ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜੀ ਦੀ ਪੱਧਰ ਤੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ ਸੀ। ਐਸੋਸੀਏਸ਼ਨ ਵੱਲੋਂ ਜੋ ਮੁੱਦੇ ਉਠਾਏ ਗਏ ਹਨ ਉਹ ਪਾਲਿਸੀ ਨਾਲ ਸਬੰਧ ਰੱਖਦੇ ਹਨ ਜਿਸ ਕਰਕੇ ਸਰਕਾਰ ਦੇ ਵਿਚਾਰ ਅਧੀਨ ਹਨ।

-----

## ਸੜਕਾਂ ਦੀ ਉਸਾਰੀ ਕਰਨਾ

***1676 ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਸ਼ਹਿਰ ਦੇ ਨਾਲ ਲੱਗਦੀਆਂ ਕਲੋਨੀਆਂ (ਪਿੰਡਾਂ) ਦੀਆਂ ਸੜਕਾਂ ਨੂੰ ਕਦੋਂ ਤੱਕ ਬਣਾ ਦਿੱਤਾ ਜਾਵੇਗਾ।

**ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) :** ਪੰਜਾਬ ਰਾਜ ਖੇਤੀਬਾੜੀ ਮੰਡੀਕਰਨ ਬੋਰਡ ਵੱਲੋਂ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਦੇਖਭਾਲ ਦਾ ਕੰਮ ਕਰਵਾਇਆ ਜਾਂਦਾ ਹੈ। ਲੁਧਿਆਣਾ ਸ਼ਹਿਰ ਦੇ ਨਾਲ ਲੱਗਦੀਆਂ ਕਲੋਨੀਆਂ (ਪਿੰਡਾਂ) ਦੀਆਂ ਸੜਕਾਂ, ਜੋ ਕਿ ਮੰਡੀ ਬੋਰਡ ਦੇ ਕਾਰਜ-ਖੇਤਰ ਵਿੱਚ ਆਉਂਦੀਆਂ ਹਨ, ਦੀ ਮੁਰੰਮਤ ਦੀ ਸਮਾਂ-ਸਾਰਣੀ ਬਾਰੇ ਸਰਕਾਰ ਵੱਲੋਂ ਸਾਲ 2015-16 ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਅਤੇ ਦੇਖਭਾਲ ਲਈ ਜੋ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ, ਦੇ ਫਾਈਨਲ ਹੋਣ ਉਪਰੰਤ ਹੀ ਦੱਸਿਆ ਜਾ ਸਕੇਗਾ।

———

ਪੰਜਾਬ ਮੰਤਰੀ ਮੰਡਲ ਦੀ ਸੂਚੀ

**ਕੈਬਨਿਟ ਮੰਤਰੀ**

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ, ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |
| 8) | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |

| | |
|---|---|
| 9) ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 10) ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ |
| 11) ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 12) ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ |
| 13) ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਅਤੇ ਨਵਿਆਉਣ ਯੋਗ ਊਰਜਾ ਸਰੋਤ ਮੰਤਰੀ |
| 14) ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 15) ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 16) ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 17) ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਜਾਈ ਮੰਤਰੀ |
| 18) ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

-----

## ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਚੌਧਰੀ ਨੰਦ ਲਾਲ | ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ |
| 2) | ਸਰਦਾਰ ਬਲਬੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 3) | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 4) | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 5) | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 6) | ਸ਼੍ਰੀਮਤੀ ਮਹਿੰਦਰ ਕੌਰ ਜੋਸ਼ | ਡਾਕਟਰੀ ਸਿੱਖਿਆ ਅਤੇ ਖੋਜ |
| 7) | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 8) | ਸ਼੍ਰੀ ਕੇ.ਡੀ.ਭੰਡਾਰੀ | ਸਹਿਕਾਰਤਾ |
| 9) | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 10) | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 11) | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 12) | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ |
| 13) | ਸ਼੍ਰੀ ਐਨ.ਕੇ.ਸ਼ਰਮਾ | ਉਦਯੋਗ ਅਤੇ ਵਣਜ |
| 14) | ਸ਼੍ਰੀਮਤੀ ਐਫ. ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |

| | |
|---|---|
| 15) ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 16) ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 17) ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ |
| 18) ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 19) ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |

-----

© 2014

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8628/12-2014(1)

# PUNJAB VIDHAN SABHA

**DEBATES**

*Wednesday, the 24th December, 2014*

***Vol. IX– No. 4***

OFFICIAL REPORT

CONTENTS


| | Page |
|---|---|
| Starred Questions and Answers | (4) 1 |
| Written Answers to Starred Questions laid on the Table of the House under Rule 38 | (4) 44 |
| Unstarred Questions and Answers | (4) 48 |
| Matters raised during Zero Hour and statements made by the Chief Minister/Ministers thereon | (4) 53 |
| Papers laid on the Table of the House | (4) 68 |
| Pandemonium in the House | (4) 70 |
| Motion Under Rule 16 | (4) 70 |
| Official Resolution Reg. Repeal of "The Employment of Manual Scavengers and Construction of Dry Latrines (Prohibition) Act, 1993" | (4) 71 |
| Walk out | (4) 71 |
| Official Resolution Reg. Repeal of "The Employment of Manual Scavengers and Construction of Dry Latrines (Prohibition) Act, 1993" *(Resumption)* | (4) 72 |



**Punjab Vidhan Sabha Secretariat, Chandigarh**

Price : Rs._________.

| | | | |
|---|---|---|---|
| Personal Explanation by Sardar Virsa Singh Valtoha, Chief Parliamentary Secretary | | (4) | 75 |
| Ruling by the Hon'ble Speaker | | (4) | 78 |
| Official Resolution Reg. Felicitation of the Punjab Government for successful conduct of the 5th World Kabaddi Cup | | (4) | 81 |
| **Legislative Business** | | | |
| 1. | Punjab Municipal (Second Amendment) Bill, 2014 | (4) | 84 |
| 2. | The Punjab Municipal Corporation (Second Amendment) Bill, 2014 *(Replacing Ordinance)* | (4) | 92 |
| 3. | The Northern India Canal and Drainage (Punjab Amendment) Bill, 2014 *(Replacing Ordinance)* | (4) | 95 |
| 4. | The Sant Baba Bhag Singh University Bill, 2014 *(Replacing Ordinance)* | (4) | 98 |
| 5. | The Punjab Development Fund Bill, 2014 | (4) | 112 |
| 6. | The Punjab Laws (Special Provisions) Bill, 2014 *(Replacing Ordinance)* | (4) | 114 |
| 7. | The Maharaja Ranjit Singh State Technical University Bill, 2014 *(Replacing Ordinance)* | (4) | 118 |
| 8. | The Punjab Affiliated Colleges (Security of Service) Amendment Bill, 2014 *(Replacing Ordinance)* | (4) | 120 |
| | Appendix | (ii) | |